# ਖਾਲਸਾ ਜਤਿਕੀ

# ਸੂਰਾ

ਦਸੰਬਰ ੧੯੯੧

ਅੰਮ੍ਰਿਤਸਰ




ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦ ੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਧਾਰਮਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ


| | | |
|---|---|---|
| ਸਿਖ ਸ਼ਹੀਦਾਂ ਦਾ ਬੀਰ ਰਸ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਸਿਖ ਸ਼ਹੀਦਾਂ ਦੀ ਸ਼ਾਂਤ ਲੀਲ੍ਹਾ | ,, ,, ,, | ੪ |
| ਹਿੰਦ ਦੀ ਚਾਦਰ (ਕਵਿਤਾ) | ਸ: ਵਿਧਾਤਾ ਸਿੰਘ ਜੀ ਤੀਰ | ੬ |
| ਨਾਮ ਸਿਮਰਨ ਤੇ ਚਰਨ ਕੰਵਲ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੭ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਤੋਂ ਪਹਿਲਾਂ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੧੩ |
| ਸੰਤ ਜਨਾਂ ਕੀ ਰੇਣੁਕਾ……… | ਸੁਕੈਡਰਨ ਲੀਡਰ ਭਾ: ਸਾ: ਰਾਮ ਸਿੰਘ ਜੀ | ੨੦ |
| ਨਾਨਕ ਪੀਰ (੨) | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੨੨ |
| ਸਲੋਕ ਸਹਸਕ੍ਰਿਤੀ (੧੦) ਅਰਥ ਵਿਚਾਰ | ਭਾਈ ਜੁਗਿੰਦਰ ਸਿੰਘ ਜੀ ਤਲਵਾੜਾ | ੨੯ |
| ਜੀਵਨ ਸੁਧੀ ਲਈ ਦਰਸਾਇਆ ਰਾਹ | ਸ: ਸਰੂਪ ਸਿੰਘ ਜੀ ਅਲਗ | ੩੩ |
| ਗੁਰਬਾਣੀ ਵੀਚਾਰ | ਭਾਈ ਜੁਗਿੰਦਰ ਸਿੰਘ ਜੀ ਤਲਵਾੜਾ | ੩੬ |
| ਰੰਘਰੇਟਾ ਗੁਰੂ ਕਾ ਬੇਟਾ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੩੭ |
| ਕਸੂਰ ਕਿਸ ਦਾ ? | ਭਾਈ ਦਲਜੀਤ ਸਿੰਘ ਜੀ | ੩੯ |
| ਅਖੰਡ ਕੀਰਤਨੀ ਜਥੇ ਤੇ ਸਰਕਾਰ ਦਾ ਕਹਿਰ | ਜਥੇਦਾਰ ਰਾਮ ਸਿੰਘ ਜੀ | ੪੦ |


ਇਸ ਪਰਚੇ ਵਿਚ ਮਜਬੂਰੀ ਕਰਕੇ ਦੋ ਲੇਖ ਦਿਤੇ ਨਹੀਂ ਜਾ ਸਕੇ, ਅਗਲੇ ਪਰਚੇ ਵਿਚ ਦਿਤੇ ਜਾਣਗੇ ।

ਸ਼ਹੀਦੀ ਦਿਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ੧ ਦਸੰਬਰ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਨਿਰਮਲ ਸਿੰਘ ਸੰਧੂ ਫ਼ੀਰੋਜ਼ਪੁਰ | ਕਾਕਾ ਲਿਵਨਿੰਦਰ ਸਿੰਘ ਦੇ ਜਨਮ ਦੀ ਖੁਸ਼ੀ ਵਿਚ | 11-00 |
| ਸ: ਸੰਤਾ ਸਿੰਘ ਲੁਧਿਆਣਾ | ਸੁਪਤਨੀ ਬੀਬੀ ਸਵਰਨ ਕੌਨ ਦੇ ਅੰਤਮ ਭੋਗ ਸਮੇਂ ਚੜ੍ਹਾਵਾ | 85-35 |
| ਸ: ਕੁਲਦੀਪ ਸਿੰਘ ਖਾਲਸਾ ਜੰਮੂ | ਭੁਜੰਗੀ ਗੁਰਪ੍ਰੀਤ ਸਿੰਘ ਦੇ ਜਨਮ ਦੀ ਖੁਸ਼ੀ ਵਿਚ | 11-00 |
| ਸੂਬੇਦਾਰ ਮੇਜਰ ਗੁਰਮੁਖ ਸਿੰਘ, ਸ਼ਿਕਰ | 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ | 50-00 |
| ਸ: ਰਾਜਿੰਦਰ ਸਿੰਘ ਰੀਹਲ, ਕਰੀਹਾ | ਸੁਪਤਨੀ ਦੀ ਸਾਲਾਨਾ ਯਾਦ ਦੇ ਭੋਗ ਸਮੇਂ | 11-00 |
| ਸ: ਕੇਵਲ ਸਿੰਘ ਜਲੰਧਰ | 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ | 50-00 |
| ਸ: ਬਹਾਦਰ ਸਿੰਘ ਜੀ ਚੰਡੀਗੜ੍ਹ | ਸ੍ਰੀ ਅਖੰਡਪਾਠ ਦੇ ਭੋਗ ਸਸੇਂ | 25-00 |
| ਡਾ: ਅਜੀਤ ਸਿੰਘ ਕੋਠੀ ਨਸੀਰਖਾਨ | 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ | 11-00 |

ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੧੨ ੮੧ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ : 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋਕਹੀਅਤ ਹੈ ਸੂਰਾ ॥

ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ
ਸਮੁੰਦਰੀ ਡਾਕ ੩੦-੦੦

ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿਘ
ਭਾਈ ਸੇਵਾ ਸਿੰਘ

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੫ ਦਸੰਬਰ ੧੯੯੧ ਅੰਕ ੧੨

## ਸਿਖ ਸ਼ਹੀਦਾਂ ਦਾ ਬੀਰ ਰਸ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਪਰਉਪਕਾਰ ਨਮਿਤ ਬੀਰ ਰਸ ਦੇ ਅੰਤਰਿ-ਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾਂ ਦੁਖੀਆਂ ਉਪਰ ਜਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੋ ਰਹੀ ਹੋਵੇ ਅਤੇ ਅਨਿਆਉਂ ਅਤਿਆਚਾਰ ਦਾ ਬਜ਼ਾਰ ਗਰਮ ਹੋਵੇ, ਓਥੇ ਜਿਸ ਦੇ ਰਿਦੰਤਰਿ ਦੀਨ-ਰਖਿਆ ਅਤੇ ਹਤਿਆ ਹਤਨ ਦੇ ਅਗੰਮੀ ਵਲਵਲੇ ਉਠਣ। ਪਰੰਤੂ ਵੈਰ ਵਿਰੋਧ ਤੇ ਕਰੋਧ ਹੰਕਾਰ ਦੀ ਅੰਸ ਮਾਤਰ ਭੀ ਏਹਨਾਂ ਵਲਵਲਿਆਂ ਅੰਦਰ ਨਾ ਹੋਵੇ। ਅਤੇ ਇਹ ਵਲਵਲੇ ਤਨ ਮਨ ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਰਾਉਣ ਦੀ ਤਾਰ-ਬਰਕੀ-ਕਲਾ ਵਰਤਾ ਦੇਣ। ਤਾਂ ਜਾਣੀਐ ਕਿ ਬੀਰ ਰਸ ਵਾਲਾ ਪਰਉਪਕਾਰੀ ਜੀਵਨ ਉਤਪੰਨ ਹੋ ਗਿਆ ਹੈ। ਜਿਉਂ ਜਿਉਂ ਏਸ ਬੀਰ ਰਸ ਦੀ ਤਾਰ-ਕਲਾ ਅੰਦਰ ਫਿਰਦੀ ਹੈ ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਤਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ ਬਲ ਤੋਂ ਬਾਹਯ-ਮੁਖੀ ਸ਼ਤਰੂਆਂ ਦੁਸ਼ਟਾਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕ ਰਿਹਾ ਹੋਵੇ। ਇਹ ਬੀਰ ਰਸ ਅਤੇ ਪਰਉਪਕਾਰੀ ਯੋਧੇ ਦੇ ਵਾਸਤਵੀ ਲੱਛਣ ਹਨ।

[ਪੁਸਤਕ "ਗੁਰਮਤਿ ਬਿਬੇਕ" ਵਿਚੋਂ



www.AKJ.Org

## ਬੀਰ ਰਸ ਤੋਂ ਸ਼ਾਂਤ ਰਸ ਅਭੇਦ

# ਸਿੱਖ ਸ਼ਹੀਦਾਂ ਦੀ ਸ਼ਾਂਤ ਲੀਲ੍ਹਾ

(ਵਲੋਂ :–ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਜਿਨ੍ਹਾਂ ਦੀ ਲਿਵ ਐਨੀ ਪੱਕ ਚੁਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਤੁਟੇ ਅਤੇ ਨੂਰੀ ਮੱਥੇ ਦਾ ਖਿੜਾਉ ਅਤੇ ਅੰਤ੍ਰੀਵੀ ਸ਼ਾਂਤ ਰਹਸ ਜਿਉਂ ਕਾ ਤਿਉਂ ਬਣਿਆ ਰਹੇ। ਉਹ ਕੀ ਤਾਕਤ ਹੈ ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰੱਖਿਆ? ਓਹ ਕਿਹੜੀ ਸ਼ਕਤੀ ਹੈ ਜਿਸ ਨੇ ਦੂਲੇ ਭਾਈ ਬੀਰ ਸਿੰਘ ਜੀ ਨੂੰ ਦੜਾ-ਦੜ ਪੈਂਦੀਆਂ ਤੋਪਾਂ ਦੀ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਅਤੇ ਅਹਿਲ ਸਮਾਧੀ ਵਿਚ ਇਸਥਿਤ ਬਿਠਾਈ ਰੱਖਿਆ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ ਸਮਾਨ-ਬਿਰਤ ਅਤੇ ਕਸ਼ਟ ਮਹਿਸੂਸ ਕਰਨੋਂ ਰਹਿਨ ਰੱਖਿਆ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸਨੇ ਕਿ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦਿਆਂ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤਕ ਉਚਾਰਨ ਦਾ ਫੁਰਨਾ ਨਹੀਂ ਫੁਰਨ ਦਿੱਤਾ? ਇਹ ਕੇਵਲ ਉਹ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ ਅਨੰਦ-ਰਸੀ ਗੰਭੀਰਤਾ ਦੀ ਆਤਮ-ਮੌਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਇਹ ਦੁਖ ਸੁਖ ਸਮ ਕਰਿ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ। ਇਹ ਆਤਮ-ਰੰਗਾਂ ਦੀ ਉੱਚੀ ਬਿਵਸਥਾ ਹੈ। ਇਹ ਸੱਚੀ ਭੈ-ਭਾਵਨੀ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗੈਰ ਸੱਚਾ ਬੀਰ ਰਸ, ਪਰਉਪਕਾਰ ਰਤੰਨਾ ਬੀਰ ਰਸ ਬਣਿ ਆਉਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ।

ਸ਼ਾਂਤ ਰਸ ਇਸ ਗੱਲ ਦਾ ਨਾਉਂ ਨਹੀਂ ਕਿ ਦੁਖ ਸੁਖ ਪ੍ਰਤੀਤ (ਮਹਿਸੂਸ) ਕੀਤਾ ਜਾਵੇ। ਅਰਥਾਤ ਦੁਖ ਨੂੰ ਸੁਖ ਦੇ ਮੁਕਾਬਲੇ ਵਿਚ ਦੁਖ ਕਰਕੇ ਜਾਣਿਆ ਬੁਝਿਆ (ਪ੍ਰਤੀਤ ਕੀਤਾ) ਜਾਵੇ। ਪਰੰਤੂ ਦੁਖ ਦੀ ਨਵਿਰਤੀ ਦਾ ਕੋਈ ਹੋਰ ਉਪਾਉ ਨਾ ਹੁੰਦਾ ਦੇਖ ਕੇ ਸਿਰ ਪਾਇਆ ਦੁਖ ਸਹਿਣਾ ਪਵੇ। ਅਥਵਾ ਦੁਖਦਾਈ ਜਰਵਾਣਿਆਂ ਦੀ ਜ਼ਬਰਦਸਤ ਤਾਕਤ ਦੇਖ ਕੇ ਦੜ ਵੱਟੀ ਜਾਵੇ, ਜਦ ਹੋਰ ਕੋਈ ਉਪਾਉ ਨਾ ਰਿਹਾ ਹੋਵੇ, ਬਾਹੁਬਲ ਭੀ ਹਾਰ ਦੇ ਚੁੱਕਾ ਹੋਵੇ, ਤਕੀਆ ਤਾਣ ਸਿਰ ਤੇ ਕੋਈ ਨਾ ਹੋਵੇ ਅਤੇ ਨਾ ਹੀ ਮੁਕਾਬਲੇ ਦੀ ਤਾਕਤ ਹੋਵੇ, ਉਸ ਸਮੇਂ ਸ਼ਾਂਤਮਈ ਪੁਕਾਰਨਾ ਇਕ ਢਕੌਂਸਲਾ ਹੈ। ਏਸਨੂੰ ਨੀਤੀ ਅਥਵਾ ਪਾਲਿਸੀ ਤਾਂ ਭਾਵੇਂ ਕਹਿ ਲਉ. ਪਰੰਤੂ ਇਸ ਦਾ ਨਾਉਂ ਸ਼ਾਂਤਮਈ ਨਹੀਂ ਹੈ। ਕੁਛ ਕਾਲ ਜੇ ਸ਼ਾਂਤਮਈ ਵਾਲੀ ਪਾਲਿਸੀ ਹੱਠ ਨਾਲ ਧਾਰਨ ਭੀ ਕਰ ਲਈ ਜਾਵੇ ਤਾਂ ਤੋੜ ਕਦੇ ਨਹੀਂ ਨਿਭ ਸਕਦੀ। ਕਿਉਂਕਿ ਸੱਚੀ ਭੈ-ਭਾਵਨੀ ਤੋਂ ਅੰਕੂਰਤ ਹੋਏ ਨਿਰਭੈ ਪਦ ਦਾ ਏਥੇ ਨਮੂਦ ਨਹੀਂ ਹੁੰਦਾ। ਅਤੇ ਇਹ 'ਨਿਰਭੈ ਪਦ' ਬਿਨਾਂ ਨਾਮ ਦੀ ਕਮਾਈ ਦੇ ਪ੍ਰਾਪਤ ਹੋਣਾ ਅਤੀ ਅਸੰਭਵ ਹੈ।

ਗੁਰੂ ਦਸਮੇਸ਼ ਜੀ ਦੇ ਸਾਜੇ ਨਿਵਾਜੇ ਨਾਮ ਦੇ ਰਸੀਏ ਹਠੀਲੇ ਸੂਰਬੀਰ ਅਕਾਲੀ ਖ਼ਾਲਸੇ ਨੂੰ ਹੀ ਇਹ ਤੌਫੀਕਾਂ ਹਨ ਕਿ ਅਤੀਅੰਤ ਭਿਅੰਕਰ ਸਰੀਰਕ ਕਸ਼ਟਾਂ ਅਤੇ ਅਸਹਿ ਤਸੀਹਿਆਂ ਨੂੰ ਪਾਣੀ ਵਾਂਗ ਪੀ ਜਾਣ ਅਤੇ ਸਿਰ ਤੇ ਭੀੜੀ ਬਣੀ ਦੇ ਸਮੇਂ ਭੀ ਸਹਿਨ-ਸ਼ੀਲਤਾ ਵਾਲੀ ਸੱਚੀ ਸੂਰਮਗਤੀ ਦਾ ਹੱਠ ਧਾਰੀ ਰੱਖਣ। ਕਿਉਂਕਿ ਖਾਲਸਾ ਜੀ ਦਾ ਸ਼ਾਂਤਮਈ ਸੀਲ ਧਰਮ ਧਾਰਨਾ ਭੀ ਗੁਰੂ ਅਤੇ ਗੁਰੂ ਪੰਥ ਦੇ ਹੁਕਮ ਦੇ ਤਾਬੇ ਹੁੰਦਾ ਹੈ। ਅਕਾਲੀ ਹੁਕਮਾਂ ਦੀ ਪ੍ਰੇਰਨਾ ਅੰਦਰ ਜੇ ਅਕਾਲੀ ਖਾਲਸਾ ਜੀ ਨੂੰ ਸ਼ਾਂਤਮਈ ਮੈਦਾਨ ਵਿਖੇ ਡੱਟਣ ਦਾ ਅਵਸਰ ਭੀ ਆਣ ਬਣੇ ਤਾਂ ਗੁਰੂ ਆਸਰੇ ਗੁਰੂ ਦੇ ਸੂਰਬੀਰ ਹਠੀਲੇ ਅਕਾਲੀ ਸਿੰਘ ਸਹਿਨਸ਼ੀਲਤਾ ਵਾਲਾ ਨਿਰਭੈ ਪਦ



www.AKJ.Org

ਖੇਡਣਗੇ। ਜਾਂ ਐਉਂ ਕਹੋ ਕਿ ਗੁਰੂ ਉਨ੍ਹਾਂ ਨੂੰ ਆਪ ਆਪਣੇ ਭਾਣੇ ਅੰਦਰ ਖਿਡਾਵੇਗਾ ਅਤੇ ਆਪਣੇ ਬਿਰਦ ਦੀ ਆਪ ਲਾਜ ਰਖੇਗਾ, ਭਾਵੇਂ ਪੂਰਨ ਨਿਰਭੈ ਪਦ ਵਾਲੀ ਆਤਮ ਅਰੂੜ ਅਵਸਥਾ ਦੇ ਖਿਡਾਰੀ ਅਜੇ ਉਹ ਨਾ ਹੀ ਬਣੇ ਹੋਣ। ਖੰਡੇ ਦੇ ਅੰਮ੍ਰਿਤ ਦੀ ਅਗੰਮੀ ਬੀਰ ਕਲਾ ਜੋ ਅੰਮ੍ਰਿਤ ਛਕਣ ਸਮੇਂ ਹਰੇਕ ਸਿੰਘ ਅਕਾਲੀ ਦੇ ਰਗੋ ਰੇਸ਼ੇ ਅੰਦਰ ਸਿੰਚਨ ਹੋ ਚੁਕੀ ਹੈ ਉਹੀ ਹੁਣ ਉਹਨਾਂ ਦੇ ਜੁੱਸੇ ਜਾਮੇ ਤੋਂ ਸਫੁਟ ਹੋ ਕੇ ਹੁਕਮ ਅੰਦਰ ਸਹਿਨ-ਸ਼ੀਲਤਾ ਵਾਲੀ ਸੂਰਮਗਤੀ ਦੇ ਭੀ ਅਲੌਕਿਕ ਪੂਰਨੇ ਪੁਆਵੇਗੀ।

ਗੁਰੂ ਅਤੇ ਗੁਰੂ ਪੰਥ ਦੇ ਹੁਕਮਾਂ ਉਪਰ ਨਿਛਾਵਰ ਹੋਣ ਵਾਲੇ, ਪੰਥ ਗੁਰੂ ਦੇ ਸਹਿਨਸ਼ੀਲਤਾ ਅਤੇ ਸ਼ਾਂਤਮਈ ਵਾਲੇ ਹੁਕਮ ਨੂੰ ਅਟੱਲਤਾ ਸਹਿਤ ਨਿਭਾਵਨ ਅਤੇ ਪੂਰਾ ਕਰ ਦਿਖਾਵਨ ਵਾਲੇ ਵਰਤਮਾਨ ਸਮੇਂ ਦੇ ਉਘੇ ਸ਼ਹੀਦ ਭਾਈ ਲਛਮਨ ਸਿੰਘ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ ਵਰਤੇ ਸਾਕੇ ਅੰਦਰ ਜ਼ਿੰਦਾ ਸ਼ਹੀਦ ਹੋਣ ਦੀ ਜੋ ਕੁਰਬਾਨੀ ਕਰ ਵਿਖਾਈ ਹੈ ਉਹ ਪੰਥ ਗੁਰੂ ਦੇ ਹੁਕਮਾਂ ਨੂੰ ਮੰਨਣ ਲਈ ਹਦ ਦਰਜੇ ਦੀ ਧਰਮੀ ਦਾ ਸਿਦਕ ਪਾਲਣ ਦੀ ਸੰਥਾ ਸਿਖਾਉਂਦੀ ਹੈ ਅਤੇ ਸਹਿਨਸ਼ੀਲਤਾ ਤੇ ਧੀਰਜ ਸ਼ਾਂਤ ਦੇ ਅਪਾਰ ਜੁੱਸੇ ਦਾ ਧੁਰਵਾ ਬੰਨ੍ਹ ਕੇ ਦਿਖਾਉਂਦੀ ਹੈ। ਧੰਨ ਬੀਰ ਬਹਾਦਰ ਸ਼ਹੀਦ ਲਛਮਨ ਸਿੰਘ ਜੀ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਿਸ ਧੀਰਜ ਅਨੰਦ ਵਾਲੇ ਜਬ੍ਹੇ ਵਿਚ ਬੈਠੇ ਪਾਪੀਆਂ ਦੀਆਂ ਗੋਲੀਆਂ ਦੀ ਤੜਾ-ਤੜ ਬੁਛਾੜ ਝੱਲ ਰਹੇ ਹਨ। ਮਜਾਲ ਕੀ ਹੈ, ਕਿ ਰੰਚਕ ਭੀ ਡੋਲ ਜਾਣ। ਜਥੇਦਾਰ ਹੋ ਕੇ, ਸੈਂਕੜਿਆਂ ਸੂਰਬੀਰ ਸਿੰਘਾਂ ਦੇ ਜਥੇਦਾਰ ਜ਼ੱਰਾਰ ਹੋ ਕੇ ਸਹਿਜ ਸ਼ਾਂਤ ਦੀ ਹੱਠ ਬਿਰਤੀ ਨੂੰ ਉਹ ਨਿਭਾਇਆ ਹੈ ਕਿ ਰਹਿੰਦੀ ਦੁਨੀਆ ਤਾਈਂ ਉਹਨਾਂ ਦੇ ਪਵਿਤਰ ਨਾਮ ਦੀ ਯਾਦ ਕਾਇਮ ਰਹੇਗੀ। ਏਥੇ ਹੀ ਬਸ ਨਹੀਂ, ਪਾਪੀਆਂ ਜ਼ਾਲਮਾਂ ਨੇ ਜਦ ਦੇਖਿਆ ਕਿ ਗੁਰੂ ਦੀ ਓਟ ਵਿਚ ਗੋਲੀਆਂ ਨਾਲ ਛਲਣੀ ਹੋ ਚੁਕੇ ਸ਼ਹੀਦ ਸਿੰਘ ਜੀ ਦੇ ਸਰੀਰ ਵਿਚੋਂ ਅਜੇ ਜਾਨ ਨਹੀਂ ਨਿਕਲੀ ਤਾਂ ਜੀਊਂਦੇ-ਜੀ ਬ੍ਰਿਛ ਨਾਲ ਬੰਨ੍ਹ ਕੇ ਅਤੇ ਮਿਟੀ ਦਾ ਤੇਲ ਪਾ ਕੇ ਸਾੜਿਆ ਗਿਆ। ਪਰ ਬੀਰ ਬਹਾਦਰ ਭਾਈ ਲਛਮਨ ਸਿੰਘ ਜੀ ਨੇ ਉਫ ਤਕ ਨਹੀਂ ਕੀਤੀ। ਅਤੇ ਪੰਥ ਗੁਰੂ ਦੀ ਹੁਕਮ ਰਜ਼ਾ ਸਿਰ ਮੱਥੇ ਤੇ ਮਿੱਠੀ ਕਰ ਕੇ ਮੰਨੀ। ਹੱਥ ਚੁਕਣ ਦਾ ਹੁਕਮ ਨਹੀਂ ਸੀ, ਨਹੀਂ ਤਾਂ ਰੰਚਕ ਇਸ਼ਾਰਾ ਭੀ ਜਥੇਦਾਰ ਬੀਰ ਵਲੋਂ ਹੋ ਜਾਂਦਾ ਤਾਂ ਪਾਮਰ ਮਰਦੂਦਾਂ ਦੀ ਕੀ ਮਜਾਲ ਸੀ ਕਿ ਬੀਰਤਾ ਦੇ ਪੁਤਲੇ ਅੰਮ੍ਰਿਤਧਾਰੀ ਸਿੰਘਾਂ ਦੇ ਅਗੇ ਖੜੋਂਦੇ। ਇਕ ਛਿਨ ਵਿਚ ਹੀ ਦੁਸ਼ਟਾਂ ਦੀਆਂ ਬੰਦੂਕਾਂ ਆਦਿਕ ਖੋਹ ਕੇ ਉਹਨਾਂ ਨੂੰ ਉਹ ਹੱਥ ਦਿਖਾਉਂਦੇ ਕਿ ਇਕ ਜ਼ਮਾਨਾ ਯਾਦ ਕਰਦਾ। ਪਰ ਹੁਕਮ ਦੇ ਬੱਧੇ ਗੁਰੂ ਪੰਥ ਦੀ ਰਜ਼ਾ ਅੰਦਰ ਰਾਜ਼ੀ ਵੀਰਾਂ ਨੇ ਅਤੀਅੰਤ ਧੀਰਜ ਸ਼ੁਕਰਾਨੇ ਨਾਲ ਕੁਰਬਾਨੀ ਦੀਆਂ ਅਹੂਤੀਆਂ ਇਸ ਸ਼ਹੀਦੀ ਦੇ ਸ਼ਾਂਤਮਈ ਯੱਗ ਵਿਚ ਦਿਤੀਆਂ। ਵੀਰ ਦਲੀਪ ਸਿੰਘ ਸਾਰਖੇ ਅਨੇਕਾਂ ਹੀ ਗੁਰੂ ਕੇ ਲਾਲ ਸੈਂਕੜਿਆਂ ਦੀ ਗਿਣਤੀ ਵਿਚ ਇਸ ਸ਼ਾਂਤਮਈ ਦੀ ਭੇਟਾ ਹੋਏ। ਅਤੇ ਸਹਿਨਸ਼ੀਲਤਾ ਦੀ ਸੱਚੀ ਮਿਸਾਲ ਇਸ ਵਰਤਮਾਨ ਕਾਲ ਅੰਦਰ ਖੜੀ ਕਰ ਕੇ ਦਿਖਾ ਗਏ। ਅਤੇ ਸਹਿਨਸ਼ੀਲਤਾ ਦੀ ਸੱਚੀ ਰੂਹ ਆਉਣ ਵਾਲੀਆਂ ਪੰਥ-ਪਨੀਰੀਆਂ ਦਿਆਂ ਸੀਨਿਆਂ ਵਿਚ ਫੂਕ ਗਏ। ਜਿਸ ਤੋਂ ਅਗੇ ਲਈ ਭੀ ਗੁਰੂ ਦੇ ਭਾਣੇ ਅੰਦਰ ਅਨੇਕ ਅਜਿਹੇ ਸਾਕੇ ਵਰਤਣਗੇ ਜਿਨ੍ਹਾਂ ਨੂੰ ਦੇਖ ਕੇ ਦੁਨੀਆ ਦੰਗ ਰਹਿ ਜਾਏਗੀ।

ਭੂਤ ਕਾਲ ਵਿਖੇ ਸੱਚੀ ਸ਼ਾਂਤਮਈ ਦਾ ਸੱਚਾ ਨਮੂਨਾ ਬੀਰ ਬਹਾਦਰ ਸੰਤ ਖਾਲਸਾ ਦੂਲੇ ਭਾਈ ਬੀਰ ਸਿੰਘ ਜੀ ਨੌਰੰਗਾਬਾਦੀਏ ਨੇ ਦਿਖਾਇਆ। ਪਾਸ ਸਨੱਧ-ਬੱਧ ਜੰਗੀ ਜਥਾ ਹੈ। ਜ਼ੱਰਾਰੀ ਸੂਰਬੀਰ ਜੀਵਨ ਮੁਕਤ ਬਹਾਦਰ ਸਿੰਘਾਂ ਦਾ ਜ਼ੱਰਾਰ ਜਥਾ। ਯੁੱਧ ਦਾ ਸਮਾਨ ਮੌਜੂਦ ਹੈ। ਭਾਈ ਸਾਹਿਬ ਜੀ ਦੇ ਨੇਤਰ-ਫੋਰ-ਇਸ਼ਾਰੇ ਉਤੇ ਕੁਰਬਾਨ ਹੋਣ ਨੂੰ ਸਾਰੇ ਦੇ ਸਾਰੇ ਸਿੰਘ ਸੂਰਮੇ ਤਿਆਰ ਹਨ। ਪੂਰਨ ਮੋਰਚਾ-ਬੰਦੀ ਪਹਿਲਾਂ ਹੀ ਹੋਈ-ਹਵਾਈ ਹੈ। ਪੰਦਰ੍ਹਾਂ ਹਜ਼ਾਰ ਸੂਰਬੀਰ ਸਿੰਘਾਂ ਦਾ ਦਲ ਭਾਈ ਸਾਹਿਬ ਜੀ ਦੇ ਤਾਬਿਆ ਮਰਨ ਨੂੰ ਤਿਆਰ ਹੈ। ਪਰ ਧੰਨ ਹਨ ਸੰਤ ਭਾਈ ਬੀਰ ਸਿੰਘ ਜੀ ਦੂਲੇ, ਕਿ ਜਿਨ੍ਹਾਂ ਨੇ ਭਾਣਾ ਕਰਤਾਰ ਦਾ ਮਿਠਾ ਕਰਕੇ ਸਿਰ ਮੱਥੇ ਤੇ ਮੰਨਿਆ ਅਤੇ ਹੱਥ ਨਹੀਂ ਉਠਾਇਆ। ਬਚਨ ਕਰਦੇ ਹਨ ਕਿ ਭਾਈ ਦੋਹੀਂ ਪਾਸੀਂ ਗੁਰੂ ਕਾ ਹੀ ਘਰ ਹੈ।



www.AKJ.Org

ਸਾਡੇ ਭੁਲੇ ਭਰਾ ਜੋ ਅਸਾਡੇ ਉਤੇ ਚੜ੍ਹ ਆਏ ਹਨ ਤਾਂ ਅਸਾਡਾ ਧਰਮ ਨਹੀਂ ਕਿ ਭਰਾਵਾਂ ਉਤੇ ਵਾਰ ਕਰੀਏ। ਪੂਰਨ ਸ਼ਾਂਤਮਈ ਰਹੀ, ਕਿਸੇ ਨੇ ਹੱਥ ਨਹੀਂ ਚੁਕਿਆ। ਕਿਉਂਕਿ ਉਹਨਾਂ ਨੂੰ ਦੋਹੀਂ ਪਾਸੀਂ ਗੁਰੂ ਨਜ਼ਰ ਆਉਂਦਾ ਸੀ ਅਤੇ "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀਂ ਆਸ"* ਦੇ ਗੁਰਵਾਕ ਵਾਲੀ ਨਿਰਭੈ ਬਿਵਸਥਾ ਦਾ ਪਰਤੱਖ ਵਰਤਾਰਾ ਉਨ੍ਹਾਂ ਉਤੇ ਵਰਤਿਆ ਹੋਇਆ ਸੀ। ਧਮਕੀ ਮਿਲਦੀ ਹੈ ਕਿ ਸਾਡੇ ਵਿਰੋਧੀਆਂ ਨੂੰ ਦੇ ਦਿਓ ਨਹੀਂ ਤਾਂ ਹੁਣੇ ਹੀ ਤੋਪਾਂ ਨਾਲ ਉਡਾਇਆ ਜਾਂਦਾ ਹੈ। ਸਰਣ-ਪਾਲ ਸੰਤ ਖਾਲਸਾ ਜੀ ਨੇ ਸਰਣੀ ਆਇਅ, ਨੂੰ ਧੱਕਾ ਕਰਨ-ਹਾਰਿਆਂ ਦੇ ਸਪੁਰਦ ਨਾ ਕੀਤਾ ਅਤੇ ਪੂਰਨ ਸਹਿਨ-ਸ਼ੀਲਤਾ ਨਾਲ ਤੋਪਾਂ ਦੀ ਮਾਰ ਦਾਂ ਸਹਿਣਾ ਮਨਜ਼ੂਰ ਕੀਤਾ। ਤੋਪ ਦਾ ਗੋਲਾ ਆਉਂਦਾ ਹੈ ਅਤੇ ਭਾਈ ਬੀਰ ਸਿੰਘ ਜੀ ਦੇ ਪੱਟ ਤੇ ਆ ਕੇ ਵਜਦਾ ਹੈ, ਮਜਾਲ ਕੀ ਹੈ ਕਿ ਭਾਈ ਸਾਹਿਬ ਜੀ ਦੀ ਅਡੋਲ ਸਮਾਧੀ ਵਿਚ ਫਰਕ ਪੈ ਜਾਵੇ। ਲਿਵ ਜੋੜੀ ਬੈਠੇ ਸੰਤ ਖਾਲਸਾ ਯੋਗੀ ਕੀਰਤਨ ਸੁਣ ਰਹੇ ਹਨ। ਮੱਥੇ ਵੱਟ ਨਹੀਂ ਪਿਆ। ਅੰਦਰ ਧੜਕਾ ਨਹੀਂ ਰਖਿਆ। ਰੱਬੀ ਨੂਰ ਦੀ ਲਾਲੀ ਚੇਹਰੇ ਤੇ ਦੂਣ-ਸਵਾਈ ਚੜ੍ਹਦੀ ਜਾਂਦੀ ਹੈ। ਲਿਵ ਦੀ ਤਾਰ ਉਚੀਆਂ ਅਟਾਰੀਆਂ ਤੇ ਜਾ ਚੜ੍ਹੀ। ਮਾਨੋ ਸ਼ਾਂਤ ਰਸ ਦੇ ਸਮੁੰਦਰ ਵਿਚ ਤਾਰੀਆਂ ਲਾ ਰਹੇ ਹਨ। ਭਾਣੇ, ਮਿੱਠੇ ਭਾਣੇ ਦੇ ਰਸ ਵਿਚ ਬੈਠੇ ਹੀ ਸ਼ਹੀਦ ਹੋ ਗਏ। ਪਰੰਤੂ ਆਪਣੀ ਸ਼ਾਂਤਮਈ ਸ਼ੀਲਤਾ ਵਿਚ ਭੰਗ ਨਹੀਂ ਪੈਣ ਦਿਤਾ। ਜਿਸ ਦਾ ਨਾਉਂ ਹੈ ਸ਼ਾਂਤਮਈ ਬੀਰਰਸ ਦੇ ਹੁੰਦਿਆਂ ਸ਼ਾਂਤਰਸ ਕਮਾਇਆ।

*ਸਿਰੀਰਾਗੁ ਮਹਲਾ ੧, ਪੰਨਾ ੨੦

[ਪੁਸਤਕ 'ਗੁਰਮਤਿ_ਬਿਬੇਕ' ਵਿਚੋਂ

# ਹਿੰਦ ਦੀ ਚਾਦਰ

[ਵਲੋਂ :—ਸ: ਵਿਧਾਤਾ ਸਿੰਘ ਜੀ ਤੀਰ]

ਤਿਲਕ ਆਖਦਾ ਲੱਖ ਡੰਡੌਤ ਕਰ ਕੇ, ਗ਼ੈਬੋਂ ਪਈ ਹੈ ਸੀ ਸਿਰ ਦੀ ਸੱਟ ਮੈਨੂੰ।
ਨੌਵੇਂ ਨਾਨਕ ਜੇ ਬਣੀ ਤੇ ਬਹੁੜਦੇ ਨਾ, ਜੀਭ ਤੇਗ ਦੀ ਚਲੀ ਸੀ ਚੱਟ ਮੈਨੂੰ।
ਮਾਣ ਜੱਗ ਤੇ ਰਖਿਆ ਉਨ੍ਹਾਂ ਮੇਰਾ, ਤਦੇ ਮਾਣ ਨਹੀਂ ਉਨ੍ਹਾਂ ਤੇ ਘੱਟ ਮੈਨੂੰ।
ਸ਼ਾਹ-ਰਗ ਆਪਣੀ ਭਾਵੇਂ ਕਟਵਾ ਲੀਤੀ, ਲਗਣ ਦਿਤਾ ਪਰ ਰਤੀ ਨਾ ਫੱਟ ਮੈਨੂੰ।
ਮਰਨ ਲਗੇ ਨੂੰ ਸਾਸ ਵਿਰੋਲਦੇ ਨੂੰ, ਜੀਵਨ ਦੇ ਕੇ ਸਗੋਂ ਜੀਵਾਲ ਗਏ ਹਨ।
ਮੇਰੀ ਹੋਂਦ ਲਖ ਉਨ੍ਹਾਂ ਦੇ ਕਰੇ ਆਦਰ, ਬਣਕੇ ਹਿੰਦ ਦੀ ਚਾਦਰ ਵਿਖਾਲ ਗਏ ਹਨ।

ਜਦੋਂ ਹਿੰਦ ਦੀ ਜਿੰਦ ਤੇ ਬਣੀ ਹੈਸੀ, ਕਿਰਪਾ-ਸਿੰਧ ਹੋ ਜਿੰਦ ਘੁਮਾਈ ਉਹਨਾਂ।
ਹੰਝੂ ਵਹਿਣ ਨਾ ਕਿਸੇ ਦੁਖਿਆਰਨੀ ਦੇ, ਹੱਸ ਕੇ ਆਪਣੀ ਰੱਤ ਵਹਾਈ ਉਹਨਾਂ।
ਕਰਕੇ ਕੰਧ-ਕੁਰਬਾਨੀ ਦੀ ਚਵ੍ਹੀਂ ਪਾਸੀਂ, ਹੱਡਾਂ ਪਸਲੀਆਂ ਦੀ ਛੱਤ ਪਾਈ ਉਹਨਾਂ।
ਇਨ੍ਹੂੰ ਛੱਤ ਸ਼ਹੀਦੀ ਦਾ ਮਹਿਲ ਦਿੱਤਾ, ਮਰਦੀ ਉਜੜਦੀ ਇਉਂ ਵਸਾਈ ਉਹਨਾਂ।
ਸਦਾ ਵਾਸਤੇ ਸਾਕ ਕਸ਼ਮੀਰੀਆਂ ਦਾ, ਜੋੜ ਇਸ ਤਰ੍ਹਾਂ ਦੀਨ-ਦਿਆਲ ਗਏ ਹਨ।
ਉਣਕੇ ਆਂਦਰਾਂ ਦੀ, ਰੰਗਕੇ ਰੱਤ ਅੰਦਰ, ਬਣਕੇ ਹਿੰਦ ਦੀ ਚਾਦਰ ਵਿਖਾਲ ਗਏ ਹਨ।



www.AKJ.Org

# ਨਾਮ ਸਿਮਰਨ ਤੇ ਚਰਨ ਕੰਵਲ

[ਵਲੋਂ- –ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰਮਤਿ ਨਾਮ ਦੇ ਸਿਮਰਨ ਦੁਆਰਾ ਸਾਰੇ ਹੀ ਕਲੇਸ਼ ਮਿਟ ਜਾਂਦੇ ਹਨ ਅਤੇ ਸਾਰਿਆਂ ਨਾਲੋਂ ਵਡੀ ਗੱਲ ਇਹ ਕਿ ਏਸ ਸਿਮਰਨ ਦੁਆਰਾ ਵਾਹਿਗੁਰੂ ਦੇ ਚਰਨ-ਕੰਵਲਾਂ ਦਾ ਮਨ ਵਿਖੇ ਪਰਵੇਸ਼ ਹੋ ਜਾਂਦਾ ਹੈ। ਨਾਮ ਸਿਮਰਨ ਦੁਆਰਾ ਘਟ ਅੰਤਰ ਰਸ-ਜੋਤਿ-ਕਿਰਣ ਦਾ ਭੋਅਤ (ਸੰਚਰ ਜਾਣਾ) ਹੋ ਜਾਣਾ, ਇਹ ਰਿਦੰਤਰ ਚਰਨ ਕੰਵਲਾਂ ਦਾ ਪਰਵੇਸ਼ ਹੋਣਾ ਹੈ ਅਤੇ ਰਸ-ਜੋਤਿ-ਕਿਰਣ ਪਰਜੁਅਲਤ ਹੋਣ ਪਸਚਾਤ ਸਿਮਰਨ-ਕਲਾ ਦ ਹਿ-ਦੂਣੀ ਰਸ-ਰਵਸ਼ ਵਿਚ ਜਾਰੀ ਹੋ ਜਾਂਦੀ ਹੈ ਅਤੇ ਸੁਤੇ ਸੁਭਾਵ ਨਿਰਯਤਨ ਹੀ ਜਾਰੀ ਰਹਿੰਦੀ ਹੈ। ਜਿਉਂ ਜਿਉਂ ਇਸ ਸਿਮਰਨ-ਰਸ ਵਿਚ ਗੁਰਮਤਿ ਨਾਮ ਦਾ ਉਚਾਰਨ ਹੁੰਦਾ ਹੈ, ਤਿਉਂ ਤਿਉਂ ਅੰਮ੍ਰਿਤ ਰਸ ਦੇ ਗਟਾਕ ਅੰਤਰਿ ਆਤਮੇ ਭੁੰਚੀਦੇ ਹਨ ਅਤੇ ਚਰਨ ਕੰਵਲਾਂ ਦੀ ਮਉਜ ਦਾ ਆਨੰਦ ਰਸ ਮਾਣੀਦਾ ਹੈ, ਲਖ ਲਖ ਬਾਰ ਗੁਰਮਤਿ ਨਾਮ ਦਾ ਉਚਾਰਨ ਕਰਿ ਕਰਿ ਲਖ ਲਖ ਗੁਣਾ ਅੰਮ੍ਰਿਤ ਰਸ ਗਟਾਕਾਂ ਦਾ ਸੁਆਦ ਬਿਸਮਾਦ ਅਹਿਲਾਦੀਦਾ (ਅਨੰਦ ਲਈਦਾ) ਹੈ ਅਤੇ ਸੂਖ ਸਹਿਜ ਰਸ ਮਹਾਂ ਆਨੰਦ ਵਿਚ ਸਮਾਈ ਹੋ ਜਾਂਦੀ ਹੈ। ਐਸੀ ਹੈ ਚਰਨ ਕੰਵਲ ਦੀ ਮਹਿਮਾ ਮਹਾਣੀ ਮਉਜ। ਅਜਿਹੀ ਮਹਾਂ ਅਨੰਦੀ ਬਿਸਮਾਦ ਰਸ ਰਸਾਣੀ ਚਰਨ ਕਮਲਾਣੀ ਮਉਜ ਵਿਖੇ ਸਮਾਈ ਹੋ ਜਾਣ ਪਰ ਭੀ ਮਹਾਂ ਆਨੰਦੀ ਜਨ ਪਰਮਾਨੰਦ ਨੂੰ ਜਪ ਜਪ ਕੇ ਹੀ ਜੀਵੰਦੇ ਹਨ।

ਯਥਾ ਗੁਰਵਾਕ– ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ਰਹਾਉ॥
ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥੭੫॥੧੪੪॥
[ਗਉੜੀ ਮਹਲਾ ੫, ਪੰਨਾ ੧੯੪

ਚਰਨ ਕੰਵਲ ਦੇ ਰਿਦੰਤਰੀ ਆਧਾਰ ਆਸਰੇ ਪ੍ਰਥਾਇ ਅਨੇਕਾਂ ਗੁਰਵਾਕ ਹਨ। ਕੁਛ ਕੁ ਅਗੇ ਲਿਖੇ ਜਾਂਦੇ ਹਨ :–

ਚਰਨ ਕਮਲ ਹਿਰਦੈ ਉਰਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥੨॥੨੭॥੧੩੯॥
[ਗਉੜੀ ਮਹਲਾ ੫, ਪੰਨਾ ੧੯੩

ਚਰਣ ਕਮਲ ਕਾ ਆਸਰਾ ਦੂਜਾ ਨਾਹੀ ਠਾਉ ॥ ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ॥੩॥੮੨॥
[ਸਿਰੀ ਰਾਗ ਮਹਲਾ ੫, ਪੰਨਾ ੪੬

ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ ॥ [ਸਿਰੀ ਰਾਗੁ ਮ: ੫ ਛੰਤ, ਪੰਨਾ ੪੬

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥
ਚਰਨ ਕਵਲੁ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥੧॥੧੮॥੮੮॥
[ਸਿਰੀ ਰਾਗੁ ਮਹਲਾ ੫, ਪੰਨਾ ੪੮

ਇਸ ਗੁਰਵਾਕ ਵਿਖੇ ਨਾਮ ਰੂਪ ਧਨ ਅਤੇ ਚਰਨ ਕੰਵਲ ਰੂਪੀ ਧਨ ਸਮਾਨ ਅਰਥਾਂ ਵਿਚ ਹੀ ਦ੍ਰਿਸ਼ਟਾਇਆ ਗਿਆ ਹੈ। ਹੈ ਭੀ ਸਮਾਨ ਹੀ। ਯਥਾ ਗੁਰਵਾਕ :–

ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥੪॥੨੬॥੪੩॥
[ਮਾਝ ਮਹਲਾ ੫, ਪੰਨਾ ੧੦੭

ਗੁਰਮਤਿ ਨਾਮ ਦੇ ਸਿਮਰਨ ਦੁਆਰਾ ਰਿਦ ਜੋਤਿ ਪ੍ਰਕਾਸ਼ੀ-ਰਸ-ਤਾਰ ਜੋ ਅੰਦਰ ਬਝਦੀ ਹੈ, ਓਹ ਚਰਨ ਕੰਵਲਾਂ ਦਾ ਰਿਦੰਤਰ ਉਦੇ ਹੋਣਾ ਹੈ। ਇਹ ਰਸਕ-ਰੀਸਾਲੂ ਚਰਨ ਕੰਵਲ ਅਭਿਆਸੀ ਜਨ ਦਾ ਆਧਾਰ,


www.AKJ.Org

ਅਤਸੈ ਕਰਕੇ ਆਧਾਰ ਰੂਪ ਹੋ ਜਾਂਦੇ ਹਨ ਅਤੇ ਇਸ ਅਗਾਧ ਰਸ ਪ੍ਰਾਇਣ ਹੋ ਕੇ ਰਸ-ਪ੍ਰਾਇਣੀ ਜਨ ਅੱਠੇ ਪਹਿਰ ਗੁਰਮਤਿ ਨਾਮ ਜਾਪ ਦਾ ਵਾਪਾਰ (ਅਭਿਆਸ ਕਮਾਈ) ਹੀ ਕਰਦੇ ਰਹਿੰਦੇ ਹਨ। ਜਿਉਂ ਜਿਉਂ ਕਰਦੇ ਹਨ ਤਿਉਂ ਤਿਉਂ ਹੋਰ ਤੋਂ ਹੋਰ ਰਸ ਓਹਨਾਂ ਨੂੰ ਆਉਂਦਾ ਹੈ ਅਤੇ ਹੋਰ ਵਧੇਰੇ ਮਉਜ ਚਰਨ ਕੰਵਲਾਂ ਵਿਚ ਸਮਾਉਣ ਦੀ ਬੱਝਦੀ ਹੈ ਅਤੇ ਸਦਾ ਬੱਝੀ ਰਹਿੰਦੀ ਹੈ–

ਚਰਣ ਕਮਲ ਠਾਕੁਰ ਉਰਿਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥

[ਗਉੜੀ ਮਹਲਾ ੫, ਪੰਨਾ ੧੯੦

ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ ਸਗਲ ਦੂਖ ਕਾ ਹੋਇਆ ਨਾਸ ॥੨॥੮੫॥੧੫੪॥

[ਗਉੜੀ ਮਹਲਾ ੫, ਪੰਨਾ ੧੯੭

ਚਰਨ ਠਾਕੁਰ ਕੇ ਰਿਦੈ ਸਮਾਣੇ ॥ ਕਲਿ ਕਲੇਸ ਸਭਿ ਦੂਰ ਪਇਆਣੇ ॥੩॥੩੧॥੩੮॥

[ਮਾਝ ਮਹਲਾ ੫, ਪੰਨਾ ੧੦੫

ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥੨॥੫੦॥੧੧੯॥

[ਗਉੜੀ ਮਹਲਾ ੫, ਪੰਨਾ ੧੮੯

ਇਸ ਗੁਰਵਾਕ ਅੰਦਰ ਭੀ ਗੁਰਮਤਿ ਨਾਮ ਦਾ ਸਿਮਰਨ ਅਤੇ ਚਰਨ ਕੰਵਲਾਂ ਦਾ ਆਰਾਧਨ, ਸਮਾਨ ਅਰਥਾਂ ਵਿਚ ਹੀ ਦਰਸਾਇਆ ਗਿਆ ਹੈ। ਇਸ ਬਿਧ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਜਿਨ੍ਹਾਂ ਦੀ ਪ੍ਰੀਤਿ ਚਰਨ ਕੰਵਲ ਸੰਗ ਲਗ ਗਈ ਹੈ, ਓਹਨਾਂ ਨੂੰ ਦੂਜੇ ਹੋਰ ਸੁਖ ਸਭ ਹੇਚ ਪਰਤੀਤ ਹੁੰਦੇ ਹਨ। ਓਹਨਾਂ ਦਾ ਸਦਾ ਸਦਾ ਗੁਰਮਤਿ ਨਾਮ ਨੂੰ ਸਿਮਰਨਾ ਚਰਨ ਕੰਵਲਾਂ ਦੀ ਪ੍ਰੇਮ-ਲਿਵ-ਡੋਰੀ ਨਾਲ ਹੀ ਝੂਟਣਾ ਹੈ। ਯਥਾ ਗੁਰਵਾਕ :–

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥੩॥
ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥ ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥

[ਗਉੜੀ ਮਹਲਾ ੫, ਪੰਨਾ ੧੯੬

ਚਰਨ ਕੰਵਲਾਂ ਦੀ ਪ੍ਰੀਤ ਵਾਲਿਆਂ ਦਾ ਅੰਤਰਜਾਮੀ ਅਕਾਲ ਪੁਰਖ ਨਾਲ ਹੀ ਮੇਲਾ ਹੋ ਜਾਂਦਾ ਹੈ। ਇਸ ਮਉਜ ਮੇਲੇ ਦੇ ਆਨੰਦੀ ਹੋ ਕੇ ਭੀ ਓਹ ਪਾਰਬ੍ਰਹਮ ਪ੍ਰਮੇਸ਼ਰ ਦੇ ਚਰਨਾਂ ਕੰਵਲਾਂ ਨੂੰ ਭਜਦੇ ਆਰਾਧਦੇ ਹੀ ਰਹਿੰਦੇ ਹਨ। ਯਥਾ ਗੁਰਵਾਕ :

ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥
ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤ ॥੩॥੧੭॥੮੭॥

[ਸਿਰੀ ਰਾਗੁ ਮਹਲਾ ੫, ਪੰਨਾ ੪੮

ਓਹਨਾਂ ਨੂੰ ਹੋਰ ਆਨ ਮਤਾਂ ਦੇ ਜਪ ਤਪ ਕਰਨ ਦੀ ਲੋੜ ਨਹੀਂ ਰਹਿੰਦੀ। ਜਿਨ੍ਹਾਂ ਨੂੰ ਸਤਿਗੁਰੂ ਨੇ ਅਕਾਲ ਪੁਰਖ ਦੇ ਚਰਨ ਕੰਵਲਾਂ ਦੀ ਸੱਚੀ ਓਟ ਦਿਤੀ ਹੈ, ਓਹਨਾਂ ਦੀ ਸਾਰੇ ਹੀ ਬੰਧਨਾਂ ਤੋਂ ਬੰਦ-ਖਲਾਸੀ ਹੋ ਗਈ ਹੈ। ਚਰਨ ਕੰਵਲਾਂ ਦੇ ਰਿਦੇ ਉਦੋਤ ਹੋਣ ਕਰਿ ਹੀ ਸੱਚੀ ਪ੍ਰੀਤਿ-ਪਰਤੀਤ ਅੰਤਰ ਬਝਦੀ ਹੈ। ਅਜਿਹੀ ਪਤਿ ਪਰਤੀਤ ਵਾਲੇ ਜਨ ਨਿਤ ਨੀਤ ਨਿਰਮਲ ਅੰਮ੍ਰਿਤ-ਰਸ ਪੀਵੰਦੇ ਹਨ। ਯਥਾ ਗੁਰਵਾਕ :–

ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਣ ਕਮਲ ਕੀ ਦੀਨੀ ਓਟ ॥੩॥
ਕਹੁ ਨਾਨਕ ਮਨਿ ਭਈ ਪਰਤੀਤ ॥ ਨਿਰਮਲ ਜਲ ਪੀਵਹਿ ਨਿਤ ਨੀਤਿ ॥੪॥੭੩॥੧੪੨॥

[ਗਉੜੀ ਮਹਲਾ ੫, ਪੰਨਾ ੧੯੪

ਏਸ ਚਰਨ ਕੰਵਲਾਰੀ ਪਰਤੀਤ ਬਿਨਾਂ ਸਗਲੀ ਲੁਕਾਈ ਮੁਠੀ ਮੁਹਾਈ, ਆਵਾਗਉਣ ਦੇ ਚੱਕਰ ਵਿਚ ਚਲਾਈ ਬੱਧੀ ਚਲੀ ਜਾਂਦੀ ਹੈ। ਯਥਾ ਗੁਰਵਾਕ :–


www.AKJ.Org

ਚਰਨ ਕਮਲ ਭਗਤਾ ਮਨਿ ਵੁਠੇ ॥ ਵਿਣੁ ਪਰਮੇਸਰ ਸਗਲੇ ਮੁਠੇ ॥
ਸੰਤ ਜਨਾ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਿਣਾ ॥੩॥੪੩॥੫੦॥

[ਮਾਝ ਮ: ੫, ਪੰਨਾ ੧੦੯

ਐਸਾ ਨਾਮ ਗਹਿਣਾ ਹੈ, ਸਚੇ ਵਾਹਿਗੁਰੂ ਦਾ, ਜੋ ਭਗਤ ਜਨਾਂ ਦੇ ਰਿਦੰਤਰ ਸਦਾ ਹੀ ਪਹਿਨਿਆ ਰਹਿੰਦਾ ਹੈ। ਜਿਸ ਪਾਰਸ-ਪ੍ਰਭਾਵੀ-ਪ੍ਰਤਾਪ ਕਰਕੇ ਵਾਹਿਗੁਰੂ ਦੇ ਚਰਨ ਕੰਵਲ ਭਗਤ ਜਨਾਂ ਦੇ ਘਟ ਅੰਦਰ ਆਣ ਵੁਠਦੇ ਹਨ।

ਜਿਨ੍ਹਾਂ ਗੁਰਮੁਖਿ ਅਭਿਆਸੀ ਜਨਾਂ ਦੇ ਹਿਰਦੇ ਗੁਰਮਤਿ ਨਾਮ ਰੂਪ ਰਾਮ ਰਸਾਇਣ ਨਾਲ ਗੁੱਝੇ (ਗੁੱਧੇ) ਗਏ ਹਨ ਅਤੇ ਇਸ ਰਾਮ-ਰਸਾਇਣੀ ਪਾਰਸ ਨਾਲ ਪਰਸ ਕੇ ਜੋ ਜਨ ਪਾਰਸ ਰੂਪ ਹੋ ਗਏ ਹਨ, ਉਹ ਵਡਭਾਗੇ ਜਨ ਖਿਨ ਖਿਨ ਚਰਨ ਕੰਵਲ ਪ੍ਰੇਮ-ਭਗਤੀ-ਬੀਧੇ (ਬਿਧੇ) ਰਹਿੰਦੇ ਹਨ। ਉਹਨਾਂ ਨੂੰ ਹੋਰ ਰਸ ਕਸ ਇਸ ਰਸਕ ਰਸਾਇਣੀ ਮਹਾਂ ਰਸ ਬਿਨਾਂ ਸਭ ਛਾਰ ਪਰਤੀਤ ਹੁੰਦੇ ਤੇ ਛਾਰ ਹੀ ਦਿਸਦੇ ਹਨ। ਸਾਰਾ ਸੰਸਾਰ ਨਾਮ ਬਿਨਾਂ ਨਿਹਫਲ ਹੀ ਨਜ਼ਰੀਂ ਆਉਂਦਾ ਹੈ। ਯਥਾ ਗੁਰਵਾਕ :—

ਰਾਮ ਰਸਾਇਣਿ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ਰਹਾਉ॥
ਆਨ ਰਸਾ ਦੀਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥੨॥੯੪॥੧੬੩॥

[ਗਉੜੀ ਮਹਲਾ ੫, ਪੰਨਾ ੧੯੮

ਜਿਨ੍ਹਾਂ ਦੇ ਮਨ ਤਨ ਵਿਖੇ ਚਰਨ ਕੰਵਲ ਵਸ ਗਏ ਹਨ, ਓਹ ਅੰਤਰ ਆਤਮੇ ਦਰਸ਼ਨ ਦੇਖਿ ਦੇਖਿ ਨਿਹਾਲ ਨਿਹਾਲ ਹੋ ਹੋ ਜਾਂਦੇ ਹਨ। ਯਥਾ ਗੁਰਵਾਕ :—

ਚਰਨ ਕਮਲ ਮਨਿ ਤਨ ਬਸੇ ਦਰਸਨੁ ਦੇਖਿ ਨਿਹਾਲੁ ॥੬॥ [ਗਉੜੀ ਥਿਤੀ ਮਹਲਾ ੫, ਪੰਨਾ ੨੯੮
ਓਹਨਾਂ ਦਾ—ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥੩॥੫॥੧੧॥

[ਗਉੜੀ ਮਹਲਾ ੫, ਪੰਨਾ ੨੪੯

ਵਾਲਾ ਟੋਲ ਸੁਹਾਵਣਾ ਹੋ ਜਾਂਦਾ ਹੈ। ਗੁਰੂ ਘਰ ਦੇ ਅਜਿਹੇ ਅਨੇਕਾਂ ਹੀ ਭਗਤ ਜਨ ਹਨ, ਹੁੰਦੇ ਆਏ ਹਨ ਅਤੇ ਹੁੰਦੇ ਰਹਿਣਗੇ, ਜੋ "ਦਰਸਨੁ ਦੇਖਿ ਨਿਹਾਲ" ਦੀ ਨਦਰ ਮਿਹਰ ਨਾਲ ਵਰੋਸਾਇਕੇ, ਪਰਤੱਖ ਸਨਮੁਖ ਦਰਸ਼ਨ ਦਿਦਾਰੇ ਕਰਦੇ ਹੋਏ, ਵਾਹਿਗੁਰੂ ਨੂੰ ਪੇਖਿ ਪੇਖਿ ਡੰਡਉਤ ਬੰਦਨਾ ਕਰਦੇ ਰਹਿੰਦੇ ਹਨ ਅਤੇ ਚਰਨ ਕੰਵਲਾਂ ਦਾ ਹਿਰਦੇ ਵਿਖੇ ਸਿਮਰਨ ਕਰਦੇ ਰਹਿੰਦੇ ਹਨ। ਸਚਖੰਡ ਜਾ ਕੇ ਤਾਂ ਭਗਤ-ਜਨਾਂ ਦਾ ਆਹਰ ਹੀ ਇਹੋ ਰਹਿੰਦਾ ਹੈ, ਐਥੇ ਭੀ ਇਹੋ ਹੀ। ਯਥਾ ਗੁਰਵਾਕ :—

ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥੫॥੧੮॥ [ਸੁਖਮਨੀ, ਪੰਨਾ ੨੮੭

ਆਨ ਰਸਾਂ ਤੋਂ ਸ਼ਿਰੋਮਣ ਨਾਮ ਮਹਾਂ ਰਸ ਹੀ ਹੈ ਅਤੇ ਭਗਤ ਜਨਾਂ ਨੂੰ ਏਹਨਾਂ ਸਭ ਆਨ ਰਸਾਂ ਦੇ ਉਪਰ ਦੀ ਸਿਰਕੱਢ, ਅੰਮ੍ਰਿਤ ਰਸ ਰਸਾਇਣੀ ਚਰਨ ਕੰਵਲਾਂ ਦਾ ਰਸ ਹੀ ਪਰਤੱਖ ਸੁਭਾਇਮਾਨ ਦਿਸਦਾ ਹੈ। ਤਾਂ ਤੇ ਅੰਮ੍ਰਿਤ-ਰਸਾਇਣੀ-ਚਰਨ ਹੀ ਸਭ ਤੋਂ ਉਪਰ ਦੀ ਬਿਰਾਜਦੇ ਹਨ। ਏਹਨਾਂ ਰਸ ਰੰਗਾਂ ਵਿਚ ਹੀ ਇਹ ਗੁਰਵਾਕ ਉਚਾਰਨ ਹੋਇਆ ਹੈ :—

ਚਰਣ ਬਿਰਾਜਿਤ ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ ॥
ਆਵਣ ਜਾਵਣ ਦੁਖ ਹਰੇ ਹਰਿ ਭਗਤਿ ਕੀਆ ਪਰਵੇਸੁ ਜੀਉ ॥
ਹਰਿ ਰੰਗਿ ਰਾਤੇ ਸਹਜਿ ਮਾਤੇ ਤਿਲੁ ਨ ਮਨ ਤੇ ਬੀਸਰੈ ॥
ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ ॥
ਗੋਵਿੰਦ ਗੁਣਨਿਧਿ ਸ੍ਰੀਰੰਗ ਸੁਆਮੀ ਆਦਿ ਕਉ ਆਦੇਸੁ ਜੀਉ ॥
ਬਿਨਵੰਤਿ ਨਾਨਕ ਮਇਆ ਧਾਰਹੁ ਜੁਗੁ ਜੁਗੋ ਇਕ ਵੇਸੁ ਜੀਉ ॥੮॥੧॥

ਰਾਮਕਲੀ ਮ: ੫, ਪੰਨਾ ੯੨੯


www.AKJ.Org

ਗੁਰਮੁਖ ਭਗਤ ਜਨ ਸਦਾ ਹੀ ਹਰਿ ਰੰਗ ਮਾਣਦੇ ਹੋਏ ਚਰਨ ਕੰਵਲ ਸਰਣਾਗਤਿ ਹੀ ਰਹਿੰਦੇ ਹਨ ਅਤੇ ਚਰਨ ਕੰਵਲਾਂ ਦੀ ਮਉਜ ਵਿਚ ਮਤੇ ਹੋਏ ਅਨੰਦ ਮੰਗਲ ਗੁਣ ਗਾਂਵਦੇ ਹਨ। ਯਥਾ ਗੁਰਵਾਕ :–

ਚਰਨ ਕਮਲ ਸਰਣਾਗਤੀ ਅਨੰਦ ਮੰਗਲ ਗੁਣ ਗਾਮ ॥
ਨਾਨਕ ਪ੍ਰਭ ਆਰਾਧੀਐ ਬਿਪਤ ਨਿਵਾਰਣ ਰਾਮ ॥ [ਰਾਮਕਲੀ ਮ: ੫ ਛੰਤ, ਪੰਨਾ ੯੨੬

ਬਿਪਤ-ਨਿਵਾਰਨ ਰਾਮ ਦੇ ਚਰਨ ਕੰਵਲ ਸਰਣਾਗਤਿ ਰਹਿਣਾ ਭਗਤ ਜਨਾਂ ਦਾ ਸੁਤੇ ਰਹਿਤ-ਰਹਿਣੀਆ ਆਵੇਸ਼ ਹੋ ਗਿਆ ਹੁੰਦਾ ਹੈ। ਚਰਨ ਕੰਵਲ ਦੀ ਮਉਜ ਮਾਨਣਹਾਰੇ ਗੁਰਮੁਖ ਭਗਤ ਜਨਾਂ ਨੂੰ ਚਰਨ ਕੰਵਲ ਦੀ ਮਉਜ ਦਾ ਆਧਾਰ ਹੀ ਮਾਲ ਮਿਲਖ ਭੰਡਾਰ ਹੈ। ਧਰਨੀਧਰ ਨਾਰਾਇਣ ਦਾ ਨਾਮ ਨਿਧਾਨ ਆਪਣੀ ਅਨੰਤ ਕਲਾ ਵਿਚ ਹੋ ਕੇ ਚਰਨ ਕੰਵਲ ਹੋਇ ਪ੍ਰਗਟਿਆ ਹੈ। ਜਿਨ੍ਹਾਂ ਨੂੰ ਇਹ ਨਾਮ ਨਰਹਰੀ, ਚਰਨ ਕੰਵਲਾਂ ਦਾ ਨਿਧਾਨ ਆਣ ਪਰਗਟ ਹੋਇਆ ਹੈ, ਉਹ ਇਕ ਨਾਰਾਇਣ ਦਾ ਹੀ ਰਸ ਭੋਗਦੇ ਹਨ ਅਤੇ ਚਰਨ ਕੰਵਲਾਂ ਦੇ ਧਿਆਉਣ ਕਰਕੇ, ਚਰਨ ਕੰਵਲਾਂ ਵਾਲੇ ਪ੍ਰੀਤਮ ਮਾਸ਼ੂਕ ਬੀਠਲੇ ਦੇ ਅਨੰਤ ਰਸ ਰੂਪ ਰੰਗ, ਪ੍ਰੇਮੀ ਆਸ਼ਕ ਜਨਾਂ ਨੂੰ ਦਿੱਬ ਲਤੀਫ਼ੀ ਸਰੂਪ ਵਿਚ ਸ਼ਗੁਫਤ ਹੋ ਕੇ ਅਨਿਕ ਭਾਤਿ ਕਰਿ ਸ਼ੈਫ਼ਤਾ ਫ਼ਰੇਫ਼ਤਾ ਕਰਦੇ ਹਨ, ਨਾਮ ਹੀ ਕਿਲਵਿਖ-ਹਰਨਾ, ਨਾਮ ਹੀ ਪੁਨਹਚਰਨਾ, ਨਾਮ ਹੀ ਜਮ ਕੀ ਤ੍ਰਾਸ-ਨਿਵਰਨਾ ਹੋ ਕੇ, ਚਰਨ ਕੰਵਲਾਰੀ ਰਾਸ ਬਣ ਕੇ ਭਗਤ ਜਨਾਂ ਨੂੰ ਪ੍ਰਗਟ ਹੋਇਆ ਹੈ। ਚਰਨ ਕੰਵਲਾਂ ਦਾ ਆਸਰਾ ਹੀ ਭਗਤ ਜਨਾਂ ਦੀ ਸੱਚੀ ਰਾਸ ਹੈ। ਜੈਸਾ ਕਿ ਅਗਲੇ ਗੁਰਵਾਕ ਦਾ ਭਾਵ ਹੈ :–

ਚਰਨ ਕਮਲ ਆਧਾਰੁ ਜਨ ਕਾ ਆਸਰਾ ॥ ਮਾਲੁ ਮਿਲਖ ਭੰਡਾਰ ਨਾਮੁ ਅਨੰਤ ਧਰਾ ॥
ਨਾਮੁ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ ਨਰਾਇਣਾ ॥ ਰਸ ਰੂਪ ਰੰਗ ਅਨੰਤ ਬੀਠਲ
ਸਾਸਿ ਸਾਸਿ ਧਿਆਇਣਾ ॥ ਕਿਲਵਿਖ ਹਰਣਾ ਨਾਮ ਪੁਨਹਚਰਣਾ ਨਾਮੁ ਜਮ ਕੀ ਤ੍ਰਾਸ ਹਰਾ ॥
ਬਿਨਵੰਤਿ ਨਾਨਕ ਰਾਸਿ ਜਨ ਕੀ ਚਰਨ ਕਮਲਹ ਆਸਰਾ ॥੨॥ [ਰਾਮਕਲੀ ਮ: ੫ ਛੰਤ, ਪੰਨਾ ੯੨੫

ਜਿਨ੍ਹਾਂ ਸੰਤ ਜਨਾਂ, ਗੁਰਮੁਖਿ ਸਿਖ ਭਗਤਾਂ ਦਾ ਚਰਨ ਕੰਵਲ ਸੰਗ ਧਿਆਨ ਲਗ ਗਿਆ ਹੈ, ਓਹ ਸੱਚੇ ਵਾਹਿਗੁਰੂ ਦੇ ਦਰਸ ਵਿਚ ਸਮਾ ਗਏ ਹਨ। ਉਹ ਵਡਭਾਗੇ ਜਨ ਦਰਸ ਵਿਚ ਸਮਾ ਕੇ–

ਬਿਸਮੁ ਪੇਖੈ ਬਿਸਮੁ ਸੁਣਿਐ ਬਿਸਮਾਦੁ ਨਦਰੀ ਆਇਆ ॥੪॥੨॥ ਸੂਹੀ ਮਹਲਾ ੫ ਛੰਤ, ਪੰਨਾ ੭੭੮ ਦਾ ਪਰਤੱਖ ਨਜ਼ਾਰਾ ਦੇਖ ਕੇ ਭੀ ਬਿਸਮ ਰੰਗਾਂ ਵਿਚ ਰੰਗੇ ਹੋਏ ਗੁਣੀ ਵਾਹਿਗੁਰੂ ਦੇ ਗੁਣ ਗਾਂਵਦੇ ਹਨ ਅਤੇ ਗੁਣ ਗਾਇ ਗਾਇ ਕੇ ਨਿਹਾਲ ਹੁੰਦੇ ਹਨ ਅਤੇ ਫੇਰ ਭੀ ਇਸ ਤੋਂ ਵਧ ਸਿਮਰਨ ਕਮਾਈ ਕਰਿ ਕਰਿ ਤ੍ਰਿਪਤ ਅਘਾਵੰਦੇ ਹਨ। ਯਥਾ ਗੁਰਵਾਕ :–

ਚਰਨ ਕਮਲ ਸਿਉ ਲਾਗੋ ਧਿਆਨਾ ਸਾਚੈ ਦਰਸਿ ਸਮਾਈ ਸੰਤਹੁ ॥ ੩ ॥
ਗੁਣ ਗਾਵਤ ਗਾਵਤ ਭਏ ਨਿਹਾਲਾ ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ ॥੪॥
(ਰਾਮਕਲੀ ਮ: ੫, ਪੰਨਾ ੯੧੬

ਭਗਤ ਜਨਾਂ ਦੀ ਪਰਮਾਰਥੀ ਲੀਲ੍ਹਾ ਪ੍ਰਿਥਮ ਭੀ ਗੁਣ ਗਾਵਣ ਅਤੇ ਨਾਮ ਅਭਿਆਸ ਜਾਪ ਕਮਾਈ ਕਮਾਵਣ ਤੋਂ ਅਰੰਭ ਹੁੰਦੀ ਹੈ ਅਤੇ ਸਾਰੀ ਆਵਰਦਾ ਏਵੇਂ ਹੀ ਨਿਭੀ ਰਹਿੰਦੀ ਹੈ ਅਤੇ ਅੰਤੀ ਗੁਣ ਗਾਵਣ ਨਾਮ ਧਿਆਵਣ ਵਿਚ ਹੀ ਸਮਾਪਤ ਹੋਇ ਸਮਾਉਂਦੀ ਹੈ। ਪ੍ਰਿਥਮ ਆਰੰਭੇ ਨਿਤਾਪ੍ਰਤਿ ਗੁਣ ਗਾਵਣ, ਨਾਮ ਧਿਆਵਣ ਨਾਲ ਹੀ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਵਾਗਵਣ ਦੇ ਗੇੜ ਦੀ ਸਮਾਪਤੀ ਹੁੰਦੀ ਹੈ। ਨਾਮ ਧਿਆਵਣ ਗੁਣ ਗਾਵਣ ਕਰਿ ਹੀ ਘਟ ਅੰਤਰਿ ਜੋਤਿ ਦਾ ਪਰਕਾਸ਼ ਹੁੰਦਾ ਹੈ ਅਤੇ ਵਾਹਿਗੁਰੂ ਦੇ ਚਰਨ ਕੰਵਲਾਂ ਵਿਚ ਨਿਵਾਸ ਹੁੰਦਾ ਹੈ ਅਤੇ ਸਤਿਸੰਗਤ ਵਿਚ ਉਧਾਰ ਹੋ ਕੇ ਭਵਜਲੋਂ ਪਾਰ ਉਤਰ ਜਾਈਦਾ ਹੈ। ਸੋਈ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ :–


www.AKJ.Org

ਗਾਵਹੁ ਰਾਮ ਕੇ ਗੁਣ ਗੀਤ ॥ ਨਾਮੁ ਜਪਤ ਪਰਮ ਸੁਖੁ ਪਾਈਐ ਆਵਾਗਉਣੁ ਮਿਟੈ ਮੇਰੇ ਮੀਤ ॥੧॥ਰਹਾਉ॥
ਗੁਣ ਗਾਵਤ ਹੋਵਤ ਪਰਗਾਸੁ ॥ ਚਰਨ ਕਮਲ ਮਹਿ ਹੋਇ ਨਿਵਾਸੁ ॥੧॥
ਸੰਤ ਸੰਗਤਿ ਮਹਿ ਹੋਇ ਉਧਾਰੁ ॥ ਨਾਨਕ ਭਵਜਲੁ ਉਤਰਸਿ ਪਾਰਿ ॥੨॥੧॥੫੭॥

[ਰਾਮਕਲੀ ਮਹਲਾ ੫, ਪੰਨਾ ੯੦੧

ਚਰਨ ਕੰਵਲਾਂ ਦੀ ਮਉਜ ਦੇ ਰੰਗ ਮਾਨਣ ਲਈ ਗੁਰਮੰਤਰ ਅਭਿਆਸ ਦੀ ਅਥਾਹ ਕਮਾਈ ਦੀ ਪ੍ਰਿਥਮ ਅਵੱਸ਼ ਲੋੜ ਹੈ। ਚਲਦੇ, ਬਹਿੰਦੇ, ਸਉਂਦੇ, ਜਾਗਦੇ ਗੁਰਮੰਤਰ ਜਾਪ ਨੂੰ ਹਿਰਦੇ ਵਿਚ ਉਤਾਰ ਕੇ ਚਿਤਾਰੇ, ਨਾਮ ਨੂੰ ਹਿਰਦੇ ਅੰਦਰ ਧਾਰੇ, ਰੋਮਿ ਰੋਮਿ ਨਾਮ ਉਚਾਰੇ। ਐਸੀ ਪ੍ਰੀਤਿ ਰੀਤ ਨਾਲ ਚਰਨ ਕੰਵਲਾਂ ਦਾ ਅਰਾਧਨ ਕਰੇ ਕਿ ਮਨ ਤਨ ਹੀਅਰਾ ਹਰੀ ਸੰਗਿ ਹੀ ਲਾਇ ਛੋਡੇ ਅਤੇ ਅਵਰ ਸਭ ਕੁਛ ਵਿਸਾਰ ਦੇਵੇ, ਜੀਉ, ਮਨ, ਤਨ, ਪ੍ਰਾਣ, ਸਭ ਕੁਝ ਪ੍ਰਭੂ ਦਾ ਜਾਣ ਕੇ ਪ੍ਰਭੂ ਪ੍ਰਾਇਣ ਹੀ ਅਰਪਨ ਕਰਿ ਛਡੇ ਅਤੇ ਆਪਣਾ ਆਪ, ਆਪ ਭਾਵ ਸਭ ਨਿਵਾਰ ਦੇਵੇ। ਇਸ ਬਿਧ ਗੋਬਿੰਦ ਭਜਨ ਕਰਨ ਨਾਲ ਸਾਰੇ ਸੁਆਰਥ ਭੀ ਪੂਰੇ ਹੋ ਜਾਂਦੇ ਹਨ ਅਤੇ ਪਰਮਾਰਥ ਭੀ ਸੰਵਰ ਜਾਂਦਾ ਹੈ। ਫੇਰ ਕਦੇ ਓਸ ਪ੍ਰਾਣੀ ਨੂੰ ਈਹਾਂ ਊਹਾਂ ਹਾਰ ਨਹੀਂ ਹੁੰਦੀ ਅਤੇ ਸਦੀਵੀ ਸਤਿਸੰਗ ਦੇ ਰੰਗਾਂ ਵਿਚ ਹੀ ਭਜਨ ਕਰਨ ਨਾਲ ਵਾਹਿਗੁਰੂ ਦੀ ਚਰਨ ਸ਼ਰਨ ਨੂੰ ਭੀ ਪ੍ਰਾਪਤ ਹੋ ਜਾਈਦਾ ਹੈ ਅਤੇ ਭਵਸਾਗਰੋਂ ਭੀ ਪਾਰ ਉਤਰ ਜਾਈਦਾ ਹੈ। ਯਥਾ ਗੁਰਵਾਕ :-

ਚਲਤ ਬੈਸਤ ਸੋਵਤ ਜਾਗਤ ਗੁਰਮੰਤ੍ਰੁ ਰਿਦੈ ਚਿਤਾਰਿ ॥ ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ॥੧॥ ਮੇਰੇ ਮਨ ਨਾਮੁ ਹਿਰਦੈ ਧਾਰਿ ॥ ਕਰਿ ਪ੍ਰੀਤਿ ਮਨੁ ਤਨੁ ਲਾਇ ਹਰਿ ਸਿਉ ਅਵਰ ਸਗਲ ਵਿਸਾਰਿ ॥੧॥ਰਹਾਉ॥ ਜੀਉ ਮਨੁ ਤਨੁ ਪ੍ਰਾਣ ਪ੍ਰਭ ਕੇ ਤੂੰ ਆਪਨ ਆਪੁ ਨਿਵਾਰਿ ॥
ਗੋਵਿੰਦ ਭਜੁ ਸਭਿ ਸੁਆਰਥ ਪੂਰੇ ਨਾਨਕ ਕਬਹੁ ਨ ਹਾਰਿ ॥੨॥੪॥੨੭॥ [ਮਾਰੂ ਮ: ੫, ਪੰਨਾ ੧੦੦੭

ਤਥਾ—ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥
ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥ [ਮਾਰੂ ਮ: ੫, ਪੰਨਾ ੧੦੧੮

ਪੁਨਾ—ਚਰਣ ਕਮਲ ਉਰ ਅੰਤਰਿ ਧਾਰਹੁ ॥ ਬਿਖਿਆ ਬਨ ਤੇ ਜੀਉ ਉਧਾਰਹੁ ॥
ਕਰਣ ਪਲਾਹ ਮਿਟਹਿ ਬਿਲਲਾਟਾ ॥ ਜਪਿ ਗੋਬਿੰਦ ਭਰਮੁ ਭਉ ਫਾਟਾ॥੧॥ [ਮਾਰੂ ਮ: ੫,ਪੰਨਾ ੧੦੦੪

ਪੁਨਾ—ਚਰਨ ਕਮਲ ਹਿਰਦੈ ਨਿਤ ਧਾਰੀ ॥ ਗੁਰ ਪੂਰਾ ਖਿਨੁ ਖਿਨੁ ਨਮਸਕਾਰੀ ॥
ਤਨੁ ਮਨੁ ਅਰਪਿ ਧਰੀ ਸਭੁ ਆਗੈ ਜਗ ਮਹਿ ਨਾਮੁ ਸੁਹਾਵਣਾ ॥ [ਮਾਰੂ ਮ: ੫, ਪੰਨਾ ੧੦੮੫

ਪੁਨਾ—ਰਸਨਾ ਗੁਣ ਗਾਵੈ ਹਰਿ ਤੇਰੇ ॥ ਮਿਟਹਿ ਕਮਾਤੇ ਅਵਗੁਣ ਮੇਰੇ ॥
ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ ॥੪॥
ਚਰਨ ਕਮਲ ਜਪਿ ਬੋਹਿਥਿ ਚਰੀਐ ॥ ਸੰਤ ਸੰਗਿ ਮਿਲਿ ਸਾਗਰੁ ਤਰੀਐ ॥
ਅਰਚਾ ਬੰਦਨ ਹਰਿ ਸਮਤ ਨਿਵਾਸੀ ਬਹੁੜਿ ਜੋਨਿ ਨ ਨੰਗਨਾ ॥੫॥੧੯॥
(ਮਾਰੂ ਸੋਲਹੇ ਮ: ੫, ਪੰਨਾ ੧੦੮੦

ਪੁਨਾ—ਚਰਨ ਕਮਲ ਪ੍ਰਭ ਰਾਖੇ ਚੀਤਿ ॥ ਹਰਿ ਗੁਣ ਗਾਵਹਿ ਨੀਤਾ ਨੀਤਿ ॥
**ਤਿਸੁ ਬਿਨੁ ਦੂਜਾ ਅਵਰੁ ਨ ਕੋਊ ॥ ਆਦਿ ਮਧਿਅੰਤਿ ਹੈ ਸੋਊ ॥੧॥** [ਮਾਰੂ ਮ: ੫, ਪੰਨਾ ੧੦੦੧

ਪੁਨਾ—ਅਪੁਨੇ ਠਾਕੁਰ ਕੀ ਹਉ ਚੇਰੀ ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥੧॥ਰਹਾਉ॥
[ਸਾਰੰਗ ਮਹਲਾ ੧, ਪੰਨਾ ੧੧੯੭

ਚਰਨ ਕਮਲਾਂ ਦੇ ਧਿਆਨ ਦੇ ਤੁਫ਼ੈਲ ਏਹ ਬਰਕਤਾਂ ਆਣ ਢੁਕਦੀਆਂ ਹਨ, ਨਾਮ ਦੀ ਰੁਚੀ (ਲਗਨ) ਮਨ ਵਿਖੇ ਬਣੀ (ਲੱਗੀ) ਰਹਿੰਦੀ ਹੈ ਅਤੇ ਨਿਤਾਪ੍ਰਤਿ ਇਹ ਰੁਚੀ ਦੂਣੀ ਚਉਣੀ ਹੋ ਹੋ ਜਾਂਦੀ ਹੈ। ਕੋਟ


www.AKJ.Org

ਸ਼ਾਂਤੀਆਂ ਚਰਨ ਕੰਵਲਾਂ ਦੇ ਧਿਆਨ ਨਾਲ ਪ੍ਰਾਪਤ ਹੁੰਦੀਆਂ ਹਨ ਅਤੇ ਪੂਰਨ ਆਨੰਦ ਰਹੱਸ ਮਾਣ ਲਈਦੇ ਹਨ। ਬਿਖੇ-ਰਸਾਂ ਅਤੇ ਤ੍ਰਿਸ਼ਨਾ ਦੀ ਅਗਨ ਨਾਲਿ ਜਲਦੀ ਬਲਦੀ ਛਾਤੀ ਬੁਝ ਕੇ ਸੀਤਲ ਹੋ ਜਾਂਦੀ ਹੈ। ਇਸ ਚਰਨ ਕੰਵਲ-ਪ੍ਰਗਟਾਵੜੇ ਸੰਤ (ਭਗਤਿ) ਮਾਰਗ ਉਤੇ ਚਲਣ ਕਰਕੇ ਮਹਾਂ ਪਤਿਤ ਪ੍ਰਾਣੀ ਭੀ ਉਧਰ ਜਾਂਦੇ ਹਨ। ਚਰਨ ਕੰਵਲ ਦੀ ਮਉਜ ਵਿਚ ਖੇਡਣ ਵਾਲੇ ਰਿੱਦ-ਵਿਗਾਸੀ ਅਭਿਆਸੀ ਜਨ ਦੀ ਰੇਣਕਾ ਮਸਤਕ ਲਗਣ ਨਾਲਿ ਚਰਨ-ਸਪਰਸੀ ਜਨ ਅਨੇਕ ਤੀਰਥਾਂ ਦੇ ਨ੍ਹਾਉਣ ਨਾਲੋਂ ਭੀ ਅਧਿਕ ਸੁੱਚਾ ਹੋ ਜਾਂਦਾ ਹੈ। ਚਰਨ ਕੰਵਲ ਦੇ ਰਿਦ ਭੀਤਰ ਧਿਆਨ ਧਰਨ ਨਾਲਿ ਘਟ ਘਟ ਅੰਤਰਿ ਹੀ ਸੁਆਮੀ ਸਾਜਨੜਾ ਸੁਝਦਾ ਹੈ ਤੇ ਪਰਤੱਖ ਦਿਖਾਈ ਦਿੰਦਾ ਹੈ। ਦੇਵਾਧ ਦੇਵ, ਅਪਰ ਅਪਾਰ ਸੁਆਮੀ ਦੀ ਸ਼ਰਨ ਪ੍ਰਾਪਤ ਹੋਇਆਂ ਫੇਰ ਜਮ ਬਪੁੜਾ ਨਹੀਂ ਲੁਝਦਾ। ਯਥਾ ਗੁਰਵਾਕ :—

ਹਰਿ ਕੇ ਨਾਮ ਕੀ ਮਨ ਰੁਚੈ ॥ ਕੋਟਿ ਸਾਂਤਿ ਅਨੰਦ ਪੂਰਨ ਜਲਤ ਛਾਤੀ ਬੁਝੈ ॥ ਰਹਾਉ ॥
ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ । ਰੇਨੁ ਜਨ ਕੀ ਲਗੀ ਮਸਤਕਿ ਅਨਿਕ
ਤੀਰਥ ਸੁਚੈ ॥ ੧ ॥ ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੈ ॥
ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ ਲੁਝੈ ॥੨॥੭॥੧॥ (ਕੇਦਾਰਾ ਮਹਲਾ ੫, ਪੰਨਾ ੧੧੨੨

ਜਿਨ੍ਹਾਂ ਦਾ ਪਿਆਰੇ ਪ੍ਰੀਤਮ ਵਾਹਿਗੁਰੂ ਦੇ ਚਰਨ ਕੰਵਲਾਂ ਸੇਤੀ ਚਿਤ ਸਮਾਇ ਰਿਹਾ ਹੈ, ਓਹਨਾਂ ਦੀਆਂ ਸਰਬ ਭਉ-ਭਰਾਂਤੀਆਂ ਦੂਰ ਹੋ ਜਾਂਦੀਆਂ ਹਨ, ਨਾ ਓਹਨਾਂ ਨੂੰ ਮਰਨ ਦਾ ਡਰ, ਨਾ ਅੱਗ ਵਿਚ ਸੜਨ ਦਾ ਡਰ, ਨਾ ਜਲ ਵਿਚ ਡੁੱਬਣ ਦਾ ਡਰ, ਨਾ ਮੋਹ-ਚਿੱਕੜ ਵਿਚ ਖੁੱਭਣ ਦਾ ਡਰ, ਨਾ ਮਨ ਡਿਗਣ ਦਾ ਡਰ, ਨਾ ਤਨ ਬਿਨਸਨ ਦਾ ਡਰ, ਇਸੇ ਪ੍ਰਥਾਇ ਹੀ ਇਹ ਗੁਰਵਾਕ ਰੂਪੀ ਦੁਤੁਕੀ ਖੂਬ ਘਟਦੀ ਹੈ :—

ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ ਚਰਣ ਕਮਲ ਚਿਤੁ ਰਹਿਓ ਸਮਾਇ ॥ਰਹਾਉ॥
[ਭੈਰਉ ਕਬੀਰ ਜੀਉ, ਪੰਨਾ ੧੧੬੨

ਚਰਨ ਕੰਵਲ ਆਰਾਧਿਆਂ ਦੁਸ਼ਮਨ ਦੂਖ ਨੇੜੇ ਨਹੀਂ ਆਉਂਦੇ :—

ਪ੍ਰਭ ਕੀ ਓਟ ਗਹਹੁ ਮਨ ਮੇਰੇ ॥ ਚਰਨ ਕਮਲ ਗੁਰਮੁਖਿ ਆਰਾਧਹੁ ਦੁਸਮਨ ਦੂਖੁ ਨ ਆਵੈ ਨੇਰੈ ॥੧॥ਰਹਾਉ॥
[ਭੈਰਉ ਮਹਲਾ ੫, ਪੰਨਾ ੧੧੫੦

ਨਾਮ ਜਪਣ ਦੇ ਪਰਤਾਪ ਨਾਲ ਜੋਤਿ-ਰਸ-ਵਿਗਾਸ ਦੇ ਰੰਗ ਜੋ ਘਟ ਅੰਤਰਿ ਖਿੜਦੇ ਹਨ, ਜੋਤਿ-ਰਸ-ਰੰਗਾਂ ਦਾ ਇਹ ਖਿੜਾਉ ਚਰਨ ਕੰਵਲਾਂ ਦਾ ਰਿਦੰਤਰਿ ਪ੍ਰਗਟਾਉ ਹੈ। ਨਾਮ-ਰੰਗਾਂ ਦੇ ਇਸ ਚਰਨ ਕੰਵਲ ਪ੍ਰਗਟੇਰੇ ਖੇੜੇ ਵਿਚ ਨਾਮ ਜਪਣ ਦਾ ਉਮਾਹ ਅਤੀ ਅਧਭੁਤ, ਸਦਾ ਬਹਾਰੀ ਬਸੰਤ ਰੁਤਿ ਬਣਾਈ ਰਖਦਾ ਹੈ ਅਤੇ ਏਹਨਾਂ ਸਦ-ਬਸੰਤ-ਰੁਤਿ-ਬਹਾਰ ਰੰਗਾਂ ਵਿਚ ਚਰਨ ਕੰਵਲ ਹਿਰਦੇ ਉਰਧਾਰਿਆਂ ਸਦਾ ਸਦ ਹਰ ਜਸ ਸ੍ਰਵਣੀ ਸੁਨਣ ਦਾ ਸੱਚਾ ਪਰਚਾ ਪੈਂਦਾ ਹੈ। ਯਥਾ ਗੁਰਵਾਕ :—

ਕਿਲਵਿਖ ਕਾਟੇ ਸਾਧ ਸੰਗਿ ॥ ਨਾਮੁ ਜਪਿਓ ਹਰਿ ਨਾਮ ਰੰਗਿ ॥੧॥
ਗੁਰਪਰਸਾਦਿ ਬਸੰਤੁ ਬਨਾ॥ਚਰਨ ਕਮਲ ਹਿਰਦੈ ਉਰਿਧਾਰੇ ਸਦਾ ਸਦਾ ਹਰਿ ਜਸੁ ਸੁਨਾ ॥੧॥ਰਹਾਉ
[ਬਸੰਤ ਮਹਲਾ ੫, ਪੰਨਾ ੧੧੮੭

ਜਿਨ੍ਹਾਂ ਦਾ ਚਰਨ ਕੰਵਲਾਂ ਨਾਲ ਹੇਤ ਲਗ ਗਿਆ ਹੈ, ਓਹਨਾਂ ਦੇ ਅੰਤਰੋਂ ਮਹਾਂ ਪ੍ਰੇਤ ਪੰਚ ਦੂਤ ਖਿਨ ਵਿਚ ਹੀ ਬਿਨਸ ਗਏ ਹਨ। ਅਠੇ ਪਹਿਰ ਚਰਨ ਕੰਵਲਾਂ ਦਾ ਹੇਤ ਸੰਯੁਕਤੀ ਨਾਮ ਜਾਪ ਜਪਣਾ ਇਹ ਫਲ ਲਿਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਉਸ ਦਾ ਹਰ ਛਿਨ ਰਾਖਾ ਰਾਖਨਹਾਰਾ ਰਹਿੰਦਾ ਹੈ। ਯਥਾ ਗੁਰਵਾਕ—

ਚਰਨ ਕਮਲ ਸਿਉ ਲਾਗੋ ਹੇਤੁ ॥ ਖਿਨ ਮਹਿ ਬਿਨਸਿਓ ਮਹਾ ਪਰੇਤੁ ॥
ਆਠ ਪਹਰ ਹਰਿ ਹਰਿ ਜਪੁ ਜਾਪਿ ॥ ਰਾਖਨਹਾਰ ਗੋਵਿੰਦ ਗੁਰ ਆਪਿ ॥੨॥
[ਭੈਰਉ ਮਹਲਾ ੫, ੧੧੩੯

ਪੁਸਤਕ "ਚਰਨ ਕਮਲ ਕੀ ਮਉਜ" ਵਿਚੋਂ

'ਸੂਰਾ ਅੰਮ੍ਰਿਤਸਰ, ਦਸੰਬਰ ੧੯੮੧



www.AKJ.Org

### ਸਮੱਸਿਆ ਦਾ ਹੱਲ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾਂ

ਵਲੋਂ–ਪ੍ਰਿੰਸੀਪਲ ਸੁਜਾਨ ਸਿੰਘ ਜੀ

ਸਤਿਗੁਰੂ ਜੀ ਆਸਾ ਦੀ ਵਾਰ ਦੇ ਦੀਵਾਨ ਦੇ ਭੋਗ ਮਗਰੋਂ ਗੁਰੂ ਕੇ ਮਹਿਲਾਂ ਦੇ ਆਸਣ ਤੇ ਆਣ ਬਿਰਾਜੇ ਸਨ। ਕੁਝ ਚਿਰ ਮਗਰੋਂ ਖੁਲ੍ਹੇ ਨੈਣ ਮੁੰਦੇ ਗਏ ਸਨ। ਸਰੀਰ ਸਾਰਾ ਜਾਗ੍ਰਿਤ ਤੇ ਸਾਵਧਾਨ ਸੀ। ਨੈਣ ਅੰਦਰੋਂ ਖੁਲ੍ਹੇ ਸਨ, ਪਰ ਕਿਤੇ ਜੁੜ ਗਏ ਸਨ। ਹਜ਼ੂਰੀ ਸੇਵਕ ਆਇਆ ਅਤੇ ਸਤਿਗੁਰੂ ਜੀ ਨੂੰ ਧਿਆਨ-ਸਥਿਤ ਦੇਖ ਕੇ ਦਬੀਂ ਪੈਰੀਂ ਮੁੜ ਗਿਆ। ਇੰਜ਼ ਸਤਿਗੁਰੂ ਜੀ ਦੋ ਘੜੀ ਦਾ ਸਮਾਂ ਧਿਆਨ-ਨਿਮਗਨ ਰਹੇ। ਮੁੰਦੇ ਨੇਤਰ ਖੁਲ੍ਹੇ ਤੇ ਪੱਟੀ, ਕਾਗਜ਼, ਲੇਖਣੀ ਤੇ ਮਸ-ਦਾਨੀ ਹਾਜ਼ਰ ਕਰਨ ਦਾ ਹੁਕਮ ਹੋਇਆ। ਹਜ਼ੂਰੀ ਸੇਵਕ, ਜੋ ਸਤਿਗੁਰੂ ਦੇ ਹੁਕਮ ਦੀ ਉਡੀਕ ਵਿਚ ਦਰ ਦੇ ਬਾਹਰ ਸਾਵਧਾਨ ਸੀ, 'ਸਤ ਬਚਨ' ਕਹਿ ਕੇ ਪਲ ਭਰ ਵਿਚ ਸਾਰੀ ਸਮੱਗਰੀ ਲੈ ਕੇ ਹਾਜ਼ਰ ਹੋਇਆ। ਹੁਕਮ ਹੋਇਆ, 'ਬਿਸ੍ਰਾਮ ਕਰੋ।' ਹਜ਼ੂਰੀ ਸਿੱਖ ਨਮਸਕਾਰ ਕਰ ਕੇ ਪਿਛਲੇ ਪੈਰੀਂ ਪਰਤ ਆਇਆ, ਪਰ ਬਿਸਰਾਮ ਕਰਨ ਲਈ ਦਰ ਦੇ ਬਾਹਰ ਹੀ ਟਿਕ ਗਿਆ। ਗੁਰੂ ਜੀ ਆਪਣੇ ਪਵਿੱਤਰ ਹੱਥਾਂ ਨਾਲ ਰਚਿਤ ਬਾਣੀ ਨੂੰ ਅੱਖਰਾਂ ਵਿਚ ਅੰਕਤ ਕਰਦੇ ਰਹੇ। ਲਿਖ ਚੁੱਕਣ ਤੋਂ ਮਗਰੋਂ ਜਦ ਗੁਰੂ ਜੀ ਨੇ ਧਿਆਨ ਦਰ ਵੱਲ ਮੋੜਿਆ ਤਾਂ ਬਾਹਰ ਗੋਬਿੰਦ ਰਾਇ ਜੀ ਦੇ ਅਧਿਆਪਕ, ਪੰਡਿਤ ਜੀ ਖੜੇ ਸਨ। ਬਚਨ ਹੋਇਆ, "ਆਓ, ਪੰਡਿਤ ਜੀ, ਆਓ!" ਪੰਡਿਤ ਜੀ ਨੇ ਉਹਲੇ ਬੈਠੇ ਹਜ਼ੂਰੀ ਸਿੱਖ ਵਲ ਵੇਖਿਆ, ਜਿਸ ਨੇ ਗੁਰੂ ਜੀ ਦੀ ਆਗਿਆ ਸੁਣ ਲਈ ਸੀ ਤੇ ਇਸ਼ਾਰਾ ਪਾ ਕੇ ਅੰਦਰ ਦਾਖ਼ਲ ਹੋਏ। ਪੰਦਿਤ ਜੀ ਨੇ ਅੱਗੇ ਵਧ ਕੇ ਚਰਨਾਂ ਤੇ ਸੀਸ ਨਿਵਾਇਆ। ਗੁਰੂ ਜੀ ਨੇ ਕੁਸ਼ਲ-ਛੇਮ ਪੁਛਿਆ ਤੇ ਪੰਡਿਤ ਜੀ ਨੂੰ ਬੈਠ ਜਾਣ ਦਾ ਆਦੇਸ਼ ਦਿੱਤਾ। ਗੁਰੂ-ਕੁਮਾਰ ਦੇ ਅਧਿਐਨ ਬਾਰੇ ਗੱਲ ਤੁਰ ਪਈ ਤਾਂ ਪੰਡਿਤ ਜੀ ਨੇ ਕਿਹਾ, "ਗੋਬਿੰਦ ਜੀ, ਦੈਵੀ ਬੁੱਧੀ ਦੇ ਸ੍ਵਾਮੀ ਹਨ। ਕਦੀ ਇਕ ਵਾਰ ਤੋਂ ਵਧ ਕੁਝ ਦੱਸਣ ਦੀ ਲੋੜ ਹੀ ਨਹੀਂ ਪਈ। ਸੰਸਕ੍ਰਿਤ ਕਠਿਨ ਵਿਦਿਆ ਹੈ, ਪਰ ਉਨ੍ਹਾਂ ਲਈ ਸੁਖੈਨ ਹੋ ਵੱਗ ਤੁਰੀ ਹੈ।"

ਗੁਰੂ ਜੀ ਨੇ ਪ੍ਰਸੰਨ ਮੁਦਰਾ ਵਿਚ ਕਿਹਾ, "ਤਾਂ ਤੇ ਅਧਿਐਨ ਸੁਖਾਵਾਂ ਚਲ ਰਿਹਾ ਹੈ।"

"ਪਰਮ ਸਤਿਕਾਰ ਯੋਗ ਗੁਰੂ ਜੀ, ਗੁਰੂ-ਕੁਮਾਰ ਤਾਂ ਬ੍ਰਜ-ਭਾਸ਼ਾ ਵਿਚ ਇਸ ਅੱਠ ਸਾਲ ਦੀ ਅਲਪ ਆਯੂ ਵਿਚ ਕਵਿਤਾ ਹੀ ਕਰਨ ਲਗ ਪਏ ਹਨ। ਪਰ ਕਵਿਤਾ ਵੀਰ ਰਸ ਪਰਧਾਨ ਹੁੰਦੀ ਹੈ। ਉਨ੍ਹਾਂ ਦੀ ਕਵਿਤਾ ਵਿਚ ਪਰਮ ਪ੍ਰਭੂ ਪਰਮਾਤਮਾ ਦਾ ਪ੍ਰੇਮ ਵੀ ਸ਼ਿੰਗਾਰ ਦੀ ਥਾਂ ਵੀਰਤਾ ਦੇ ਰੰਗ ਵਿਚ ਪ੍ਰਕਾਸ਼-ਮਾਨ ਹੁੰਦਾ ਹੈ।"

ਸਤਿਗੁਰੂ ਜੀ ਦੇ ਨੈਣ ਫਿਰ ਮੁੰਦ ਗਏ ਤੇ ਕੁਝ ਚਿਰ ਮਗਰੋਂ ਹੌਲੀ ਹੌਲੀ ਖੁਲ੍ਹੇ ਤਾਂ ਉਨ੍ਹਾਂ ਵਿਚ ਕਿਸੇ ਉੱਚੇ ਪ੍ਰੇਮ ਤੇ ਸ਼ਰਧਾ ਦੀ ਲਾਲੀ ਸੀ।

ਪੰਡਿਤ ਜੀ ਨੇ ਕਿਹਾ, "ਗੁਰੂ ਜੀ, ਸਾਹਿਬਜ਼ਾਦਾ ਜੀ ਦਾ ਫ਼ਾਰਸੀ ਦਾ ਅਧਿਐਨ ਵੀ ਤਾਂ ਸਮਾਨਅੰਤਰ[1] ਚੱਲ ਰਿਹਾ ਹੈ ਅਤੇ ਉਨ੍ਹਾਂ ਦੀ ਕੁਸ਼ਾਗ੍ਰ-ਬੁੱਧੀ[2] ਤੇ ਉਨ੍ਹਾਂ ਦੇ ਫ਼ਾਰਸੀ ਦੇ ਅਧਿਆਪਕ ਵੀ ਹੈਰਾਨ ਹਨ। ਕਹਿ ਰਹੇ ਸਨ ਕਿ ਇਕ ਵਾਰੀ ਦੱਸਣ ਤੇ ਸਭ ਕੁਝ ਉਨ੍ਹਾਂ ਦੀ ਸਮਝ ਹੀ ਨਹੀਂ ਆ ਜਾਂਦਾ ਸਗੋਂ ਬਹੁਤ ਕੁਝ ਉਨ੍ਹਾਂ ਨੂੰ ਕੰਠ ਵੀ ਹੋ ਜਾਂਦਾ ਹੈ।"

ਸਤਿਗੁਰੂ ਜੀ ਕਮਲ ਦੇ ਖਿੜਨ ਵਰਗੀ ਮੁਸਕਰਾਹਟ ਨਾਲ ਬੋਲੇ, "ਪੰਡਿਤ ਜੀ, ਤੁਸੀਂ ਦੋਵੇਂ ਜੋ ਪਰਿਸ਼੍ਰਮ ਕਰ ਰਹੇ ਹੋ, ਇਹ ਸਾਡੇ ਤੋਂ ਅਗਿਆਤ ਨਹੀਂ।"

"ਨਹੀਂ, ਸਤਿਗੁਰੂ ਜੀ ਗੋਬਿੰਦ ਜੀ ਸਾਨੂੰ ਬਹੁਤਾ ਪਰਿਸ਼੍ਰਮ[3] ਕਰਨ ਦਾ ਮੌਕਾ ਹੀ ਨਹੀਂ ਦਿੰਦੇ। ਉਹ

---

(੧) ਸਮਾਨ ਅੰਤਰ=ਨਾਲੋਂ ਨਾਲ (parallal) (੨) ਕੁਸ਼ਾਗ੍ਰ ਬੁਧੀ=ਤੇਜ਼ ਅਕਲ। (੩) ਪਰਿਸ਼੍ਰਮ=ਮਿਹਨਤ।



www.AKJ.Org

ਸਾਡੇ ਵੱਡੇ ਦਾ ਪਰਿਸ਼੍ਰਮ[3] ਵੀ ਸਹਿਲ ਹੀ ਆਪ ਕਰ ਜਾਂਦੇ ਹਨ ਅਤੇ ਇਹ ਸਭ ਕੁਝ ਉਨ੍ਹਾਂ ਦਾ ਸਮਾਂ ਦਿਨ ਭਰ ਦੇ ਕੰਮਾਂ ਨਾਲ ਬਹੁਤ ਵੰਡਿਆ ਹੋਇਆ ਹੁੰਦਿਆਂ ਵੀ। ਸੁਣਿਆ ਹੈ ਕਿ ਉਨ੍ਹਾਂ ਦੀ ਨਿੰਦ੍ਰਾ ਵੀ ਅਲਪ ਹੈ। ਪ੍ਰਾਤਾਕਾਲ ਇਸ਼ਨਾਨ ਕਰ ਕੇ ਨਿਤ ਕਰਮ ਕਰਦੇ ਹਨ। ਭੋਗ ਤੋਂ ਮਗਰੋਂ ਗ੍ਰੰਥ ਜੀ ਦਾ ਪਾਠ, ਅਧਿਐਨ ਤੇ ਮੰਨਨ ਕਰਦੇ ਹਨ। ਭੋਜਨ ਪਾ ਕੇ ਥੋੜਾ ਚਿਰ ਹੀ ਵਿਸ਼੍ਰਾਮ ਕਰਦੇ ਹਨ। ਫਿਰ ਫ਼ਾਰਸੀ ਦਾ ਪਾਠ ਪੜ੍ਹਦੇ ਹਨ। ਕੁਝ ਚਿਰ ਮਗਰੋਂ ਦਾਸ ਦੀ ਸੇਵਾ ਸ਼ੁਰੂ ਹੁੰਦੀ ਹੈ। ਫੇਰ ਆਪ ਜੀ ਤੋਂ ਉਪਦੇਸ਼ ਲੈਣ ਦਾ ਸਮਾਂ ਆਉਂਦਾ ਹੈ। ਉਸ ਤੋਂ ਮਗਰੋਂ ਅਸਤ੍ਰ-ਸ਼ਸਤ੍ਰ ਵਿਦਿਆ ਅਤੇ ਅਭਿਆਸ ਦਾ ਸਮਾਂ ਹੁੰਦਾ ਹੈ। ਮਗਰੋਂ ਆਪਣੇ ਸਖਾ-ਮਿੱਤਰਾਂ ਨੂੰ ਅਸਤ੍ਰ-ਸ਼ਸਤ੍ਰ ਵਿਦਿਆ ਸਿਖਾਉਂਦੇ ਹਨ। ਸੰਧਿਆ ਤੋਂ ਪਹਿਲੋਂ ਕ੍ਰਿਤ੍ਰਿਮ[4] ਯੁਧ ਰਚਦੇ ਹਨ। ਸੰਧਿਆ ਨੂੰ ਸਾਵਧਾਨ ਹੋ ਕੇ ਨਿਤ ਕਰਮ ਕਰਦੇ ਹਨ। ਰਾਤੀਂ ਡੇਡ਼੍ਹ ਪਹਿਰ ਅਧਿਐਨ ਕਰਦੇ ਹਨ। ਇਹ ਮਾਨੁਸ਼ੀ ਸ਼ਕਤੀ ਤੋਂ ਪਰੇ ਦੀ ਗੱਲ ਹੈ।"

ਸਤਿਗੁਰੂ ਜੀ ਦੇ ਕੰਵਲ-ਪੰਖੜੀਆਂ ਵਰਗੇ ਨੇਤ੍ਰ-ਪਟ ਫਿਰ ਮਿਲ ਗਏ ਤੇ ਉਨ੍ਹਾਂ ਦੇ ਪੁਸ਼ਪ-ਮੁਖ ਵਿਚੋਂ ਖਿਲਰਦੀ ਸੁਗੰਧ ਵਰਗਾ ਕੋਮਲ ਨਾਦ ਹੋਇਆ, "ਪੰਡਿਤ ਜੀ, ਇਸ ਘਰ ਨੂੰ ਇਹ ਸ੍ਰੀ ਆਦਿ ਸਤਿਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਹੈ।"

"ਸਤਯ ਹੈ, ਸਤਯ ਹੈ!" ਪੰਡਿਤ ਜੀ ਨੇ ਕਿਹਾ, "ਸਤਿਗੁਰੂ ਜੀ! ਗੋਬਿੰਦ ਜੀ ਪਰਮ ਵੀਰ ਧਨੁਸ਼-ਧਾਰੀ ਭਗਵਾਨ ਰਾਮ ਵਰਗੇ ਯੋਧੇ ਹੋਣਗੇ, ਇਸ ਵਿਚ ਰੰਚਕ ਮਾਤਰ ਵੀ ਸੰਸਯ ਨਹੀਂ। ਮੈਂ ਇਨ੍ਹਾਂ ਨੂੰ ਆਪਣੇ ਬਾਲਕ-ਸਾਥੀਆਂ ਨੂੰ ਅਸਤ੍ਰ-ਸ਼ਸਤ੍ਰ ਵਿਦਿਆ ਦਿੰਦਿਆਂ ਲੁਕ ਕੇ ਦੇਖਿਆ ਹੈ। ਇਨ੍ਹਾਂ ਦੇ ਕ੍ਰਿਤ੍ਰਿਮ ਯੁਧ ਵੀ ਦੇਖੇ ਹਨ। ਯੁਧ ਸਮੇਂ ਇਨ੍ਹਾਂ ਦੇ ਅਸਤ੍ਰ-ਸ਼ਸਤ੍ਰ ਬਣਾਵਟੀ ਹੁੰਦੇ ਹਨ। ਤੀਰ ਕਾਨੇ ਦੇ ਹੁੰਦੇ ਹਨ, ਜਿਨ੍ਹਾਂ ਦੇ ਅੱਗੇ ਫਲਾਂ ਦੀ ਥਾਂ ਗੂੰਦ ਦੇ ਗੋਲੇ ਹੁੰਦੇ ਹਨ, ਤਾਂ ਜੁ ਜਖਮ ਨਾ ਲੱਗੇ। ਕੁਝ ਦਿਨ ਹੋਏ ਇਕ ਚੌਦਾਂ-ਪੰਦਰ੍ਹਾਂ ਬਰਸ ਦੇ ਬਾਲਕ ਨੂੰ ਗੁਰੂ-ਕੁਮਾਰ ਗੋਬਿੰਦ ਜੀ ਦਾ ਤੀਰ ਅੱਧ ਕੁ ਕੋਹ ਦੂਰੀ ਤੋਂ ਲੱਗਾ ਅਤੇ ਉਹ ਮੂਰਛਿਤ ਹੋ ਗਿਆ। ਗੁਰੂ-ਕੁਮਾਰ ਨੇ ਆਪ ਮਰਦਨ[5] ਕਰ ਕੇ, ਅਰ ਜਲ ਮੁੱਖ ਵਿਚ ਪਾ ਕੇ ਉਸ ਦੀ ਮੂਰਛਾ ਤੋੜੀ।"

ਸਤਿਗੁਰੂ ਜੀ ਦੇ ਫੇਰ ਨੈਣ ਮੁੰਦੇ ਗਏ, ਜਿਵੇਂ ਪਲਕਾਂ ਦੇ ਓਹਲੇ ਉਨ੍ਹਾਂ ਨੂੰ ਸਤਿਗੁਰੂ ਹਰਿਗੋਬਿੰਦ ਜੀ ਦੇ ਸਾਖਿਆਤ ਦਰਸ਼ਨ ਹੋ ਰਹੇ ਹੋਣ ਅਤੇ ਬਚਨ ਹੋਇਆ, "ਸਤਿਗੁਰੂ ਪਿਤਾ ਜੀ ਦੀ ਦਾਤ ਪ੍ਰਾਪਤ ਹੈ ਗੋਬਿੰਦ ਰਾਇ ਜੀ ਨੂੰ! ਧੀਰ ਵੀਰ ਹੋਣਗੇ।"

"ਤਥਾ ਅਸਤੂ[6]। ਆਪ ਦੇ ਬਚਨ ਅਚੂਕ ਹਨ, ਸਤਿਗੁਰੂ ਜੀ!"

"ਪੰਡਿਤ ਜੀ ਆਪ ਨੂੰ ਕੋਈ ਕਸ਼ਟ ਤਾਂ ਨਹੀਂ? ਕਿਸੇ ਵਸਤੂ ਦੀ ਘਾਟ ਤਾਂ ਨਹੀਂ?

"ਗੁਰੂ ਘਰ ਵਿਚੋਂ ਸਭ ਕੁਝ ਪ੍ਰਾਪਤ ਹੈ, ਸਤਿਗੁਰੂ!"

(੨)

ਸਤਿਗੁਰੂ ਤੀਜੇ ਪਹਿਰ ਦਾ ਬਿਸ੍ਰਾਮ ਕਰ ਚੁੱਕਣ ਮਗਰੋਂ ਪੰਜ-ਇਸ਼ਨਾਨਾ ਕਰ ਕੇ ਜਦ ਆਪਣੇ ਸਿੰਘਾਸਣ ਵਾਲੇ ਕਮਰੇ ਵੱਲ ਹਜ਼ੂਰੀ ਸਿੱਖ ਦੇ ਅੱਗੇ ਅੱਗੇ ਗਏ ਤਾਂ ਉਨ੍ਹਾ ਨੇ ਦਰ ਵਿਚੋਂ ਆਪਣੇ ਸਿੰਘਾਸਣ ਦੇ ਸਾਹਮਣੇ ਨਿੱਕੇ ਆਸਣ ਤੇ ਬੈਠੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੂੰ ਰੇਲ ਉਤੇ ਪ੍ਰਕਾਸ਼ਿਤ ਗੁੱਟਕੇ ਸਮੇਤ ਡਿੱਠਾ। ਪਊਇਆਂ ਦੇ ਖੜਾਕ ਤੋਂ ਸਤਿਗੁਰੂ ਪਿਤਾ ਜੀ ਦਾ ਆਗਮਨ ਪਛਾਣ ਕੇ, ਸਾਹਿਬਜ਼ਾਦਾ ਜੀ ਆਪਣੇ ਨਿੱਕੇ ਆਸਣ ਤੋਂ ਉੱਤਰ ਕੇ, ਸਿਰ ਝੁਕਾ ਕੇ ਤੇ ਹੱਥ ਬੰਨ੍ਹ ਕੇ ਖੜੇ ਹੋ ਗਏ। ਸਤਿਗੁਰੂ ਜੀ ਪ੍ਰਵੇਸ਼ ਕਰ ਕੇ, ਸਿੰਘਾਸਣ ਤੇ ਬਿਰਾਜਮਾਨ ਹੋ ਗਏ ਤਾਂ ਗੋਬਿੰਦ ਰਾਇ ਜੀ ਨੇ ਚਰਨਾਂ ਤੇ ਸੀਸ ਨਿਵਾ ਕੇ ਬੰਦਨਾ ਕੀਤੀ। ਸਤਿਗੁਰਾਂ ਨੇ ਮੂਲ ਮੰਤਰ ਦਾ ਪਾਠ ਕਰ ਕੇ ਅਸ਼ੀਰਵਾਦ ਦਿੱਤੀ, "ਗੁਰੂ ਨਾਨਕ ਤੋਂ ਸ੍ਰੀ ਹਰਿਕ੍ਰਿਸ਼ਨ ਪ੍ਰਯੰਤ

(੩) ਪਰਿਸ਼੍ਰਮ–ਮਿਹਨਤ। (੪) ਕ੍ਰਿਤ੍ਰਿਮ–ਬਣਾਉਟੀ।
(੫) ਮਰਦਨ–ਮਲ ਕੇ। (੬) ਤਥਾ ਅਸਤੂ–ਇਵੇਂ ਹੀ ਹੋਵੇਗਾ।


www.AKJ.Org

ਗੁਰੂ ਜੋਤਾਂ ਰਾਹੀਂ ਸਚਖੰਡ ਦੀਆਂ ਬਖ਼ਸ਼ਸ਼ਾਂ ਪ੍ਰਾਪਤ ਹੋਣ।''

ਸਤਿਗੁਰੂ ਜੀ ਦਾ ਆਦੇਸ਼-ਸੂਚਕ[7] ਸੰਕੇਤ ਪ੍ਰਾਪਤ ਕਰ ਕੇ ਗੁਰੂ ਕੁਮਾਰ ਗੋਬਿੰਦ ਜੀ ਫੇਰ ਆਪਣੇ ਨਿੱਕੇ ਆਸਣ ਤੇ ਟਿੱਕ ਗਏ। ਅੱਜ ਸਤਿਗੁਰੂ ਜੀ ਦੇ ਪਿਤਾਮਾ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸਹਿਜ-ਸ਼ਾਂਤੀ ਤੇ ਆਤਮ ਗਿਆਨ ਪ੍ਰਦਾਯਨੀ ਅਤੇ ਸਾਧੂ-ਕਰਮ ਪ੍ਰੇਰਨੀ ਬਾਣੀ, ਸੁਖਮਨੀ ਸਾਹਿਬ ਜੀ ਦੀ ਅਠਵੀਂ ਅਸ਼ਟਪਦੀ ਤੋਂ ਅਧਿਐਨ ਅਰੰਭ ਹੋਣਾ ਸੀ। ਸਾਹਿਬਜ਼ਾਦਾ ਜੀ ਨੇ ਮੂਲ ਮੰਤਰ ਦਾ ਉਚਾਰਨ ਕਰਨ ਤੋਂ ਮਗਰੋਂ ਸਲੋਕ ਦਾ ਮਿੱਠੇ ਸੰਗੀਤਕ ਸੁਰ ਵਿੱਚ ਪਾਠ ਕੀਤਾ—

ਸਲੋਕ ॥ ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥

ਸਤਿਗੁਰਾਂ ਨੇ ਵਿਆਖਿਆ ਕੀਤੀ ਤੇ ਵਿਚਕਾਰਲੀ ਤੁਕ ਤੇ ਜ਼ੋਰ ਦਿੱਤਾ। ''ਬ੍ਰਹਮ ਗਿਆਨੀ ਦਾ ਜੀਵਨ-ਧੁਰਾ ਇਸ ਦੀ ਦ੍ਰਿੜ੍ਹਤਾ ਤੇ ਹੈ,'' ਉਨ੍ਹਾਂ ਨੇ ਕਿਹਾ ਅਤੇ ਸੱਜੇ ਹੱਥ ਦੀ ਪਹਿਲੀ ਉਂਗਲ ਚੁੱਕ ਕੇ ਪਾਠ ਕੀਤਾ।

''ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥''

ਫੇਰ ਗੁਰੂ ਕੁਮਾਰ ਗੋਬਿੰਦ ਜੀ ਨੇ ਸੀਤਲ ਸੰਗੀਤਕ ਲੈ ਨਾਲ ਅਸ਼ਟਪਦੀ ਦਾ ਪਾਠ ਕੀਤਾ। ਗੁਰਦੇਵ ਪਿਤਾ ਨੇ ਵਿਆਖਿਆ ਕੀਤੀ। ਅਰਸ਼ੀ ਚਿਤ੍ਰਕਾਰ ਦੀਆਂ ਸੂਖਮ ਕਲਮ-ਛੁਹਾਂ ਲਗਦੀਆਂ ਗਈਆਂ। ਕਈ ਵਾਰੀ ਇੱਕ ਇੱਕ ਤੁਕ ਦੇ ਕਈ ਕਈ ਵਾਰ ਪਾਠ ਹੋਏ :—

ਬ੍ਰਹਮ ਗਿਆਨੀ ਸਦਾ ਨਿਰਲੇਪ ॥......
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥......
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥......
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥......
ਬ੍ਰਹਮ ਗਿਆਨੀ ਊਚ ਤੇ ਊਚਾ ॥
ਮਨਿ ਅਪਨੈ ਹੈ ਸਭ ਤੇ ਨੀਚਾ ॥......
ਬ੍ਰਹਮ ਗਿਆਨੀ ਏਕ ਊਪਰਿ ਆਸ ॥
ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥......
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥......
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥......
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥

ਤਿੰਨ ਘੜੀਆਂ ਬੀਤ ਗਈਆਂ ਸਨ। ਗੋਬਿੰਦ ਜੀ ਦੀ ਦ੍ਰਿਸ਼ਟੀ ਵਿੱਚ ਇੱਕ ਚਿੱਤਰ ਬਣ ਗਿਆ ਸੀ ਇੱਕ ਮੂਰਤੀ ਖੜੀ ਹੋ ਗਈ ਸੀ ਜਿਸ ਦੇ ਅੰਗ ਅਵਯਵ[8], ਚਿਹਨ ਚੱਕਰ ਹੁੰਦਿਆਂ ਵੀ ਉਨ੍ਹਾਂ ਦੀ ਮਹਾਨਤ, ਇੰਨੀ ਸੀ—ਉਹ ਨਾਨਕ ਗੁਰ ਤੇਗ ਬਹਾਦਰ ਦੀ ਆਕ੍ਰਿਤੀ[9] ਸੀ। ਬਹਮ ਗਿਆਨ ਦੀ ਦਾਤੀ ਆਤਮ-ਆਕ੍ਰਿਤੀ ਸੀ।

ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥

ਅਸ਼ਟਪਦੀ ਦਾ ਅਧਿਐਨ ਸੰਪੂਰਨ ਹੋ ਗਿਆ ਸੀ। ਗੁਰੂ ਪਿਤਾ ਦਾ ਸੰਕੇਤ ਹੋ ਗਿਆ ਸੀ। ਸਾਹਿਬਜ਼ਾਦਾ

(੭) ਆਦੇਸ਼-ਸੂਚਕ—ਆਗਿਆ ਪਰਗਟ ਕਰਨ ਵਾਲਾ।
(੮) ਅੰਗ ਅਵਯਵ—ਸਰੀਰ ਦੇ ਭਾਗ। (੯) ਆਕ੍ਰਿਤੀ—ਸ਼ਕਲ।



www.AKJ.Org

ਗੋਬਿੰਦ ਰਾਇ ਜੀ ਨੇ ਗੁਟਕ ਦੀ ਸੰਭਾਲ ਦੇ ਨਾਲ ਗੁਰੂ ਪਿਤਾ ਦੇ ਸੰਗ੍ਰਹਿ ਵਿਚੋਂ ਕੰਠ ਕੀਤੇ ਸੋਰਠਿ ਰਾਗ ਦੇ ਸ਼ਬਦ ਦਾ ਗਾਇਨ ਅਰੰਭ ਕੀਤਾ :

ਜੋ ਨਰੁ ਦੁਖ ਮਹਿ ਦੁਖ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨੁ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮ ਨਿਵਾਸਾ ॥੨॥
ਗੁਰਿ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

( ੩ )

ਇਕ ਦਿਨ ਚੌਥੇ ਪਹਿਰ ਦੇ ਲਾਗੇ ਪਰਦੇਸੀਆਂ ਦਾ ਇਕ ਵੱਡਾ ਜੱਥਾ ਗੁਰੂ ਕੇ ਮਹਿਲਾਂ ਦੇ ਸਿੰਘ-ਦੁਆਰ ਤੇ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੋਇਆ। ਗੁਰੂ ਸਾਹਿਬ ਉਸ ਵੇਲੇ ਸਰਦ ਭੋਰੇ ਵਿਚ ਏਕਾਂਤ ਬੈਠੇ ਸਨ। ਸਿੱਖ ਸੇਵਕਾਂ ਦੇ ਪੁੱਛਣ ਤੋਂ ਪਤਾ ਲੱਗਾ ਕਿ ਇਹ ਕਸ਼ਮੀਰ ਦੇ ਬ੍ਰਾਹਮਣ ਹਨ ਜੋ ਸ੍ਰੀ ਨਗਰ, ਅਨੰਤ ਨਾਗ, ਬਾਰਾਂ ਮੂਲਾ, ਮਟਨ, ਜੰਮੂ ਅਤੇ ਕਸ਼ਮੀਰ ਦੇ ਹੋਰ ਨਗਰਾਂ, ਗ੍ਰਾਵਾਂ ਅਤੇ ਤੀਰਥ-ਅਸਥਾਨਾਂ ਤੋਂ ਇਕੱਠੇ ਹੋ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ ਸ਼ਰਨ ਆਏ ਹਨ। ਇਨ੍ਹਾਂ ਦਾ ਆਗੂ ਮਟਨ ਦਾ ਮਹਾ ਪੰਡਿਤ ਕਿਰਪਾ ਰਾਮ ਸੀ। ਕਸ਼ਮੀਰ ਵਿਚ ਬ੍ਰਹਮ ਦਾਸ ਪੰਡਿਤ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਆ-ਦਾਨ ਦੇਣ ਦੀ ਯਾਦ ਅਜੇ ਕਾਇਮ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀਆਂ ਸੋਆਂ ਦੇਸਾਂ-ਪ੍ਰਦੇਸਾਂ ਵਿਚ ਫੈਲ ਚੁਕੀਆਂ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਮੀਰੀ ਪੀਰੀ ਦੀ ਸ਼ਾਨ ਦਾ ਜਲਵਾ ਹਾਲੀ ਤਕ ਕਸ਼ਮੀਰ ਦੇ ਕਈ ਬਿਰਧ ਨੇਤਰਾਂ ਵਿਚ ਸਾਕਾਰ ਸੀ। ਇਹ ਉਹ ਗੱਦੀ ਸੀ ਜਿਹੜੀ ਅਸੂਲਾਂ ਲਈ ਡਟ ਸਕਦੀ ਸੀ, ਅਸੂਲਾਂ ਲਈ ਸ਼ਹੀਦੀ ਪ੍ਰਾਪਤ ਕਰ ਸਕਦੀ ਸੀ, ਅਸੂਲਾਂ ਲਈ ਜੁੱਧ ਮੰਡ ਸਕਦੀ ਸੀ। ਇਹੋ ਵਿਸ਼ਵਾਸ ਲੈ ਕੇ ਇਹ ਵਹੀਰ ਸਤਿਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਹਾਜ਼ਰ ਹੋਈ ਸੀ। ਔਰੰਗਜ਼ੇਬ ਦਾ ਹੁਕਮ ਪਾ ਕੇ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਨ ਨੇ ਅੱਧ ਤੋਂ ਵੱਧ ਗਰੀਬ ਹਿੰਦੂ ਜਨਤਾ ਨੂੰ ਲੋਭ ਤੇ ਜ਼ੋਰ ਜਬਰ ਨਾਲ ਮੁਸਲਮਾਨ ਬਣਾ ਲਿਆ ਸੀ। ਇਨ੍ਹਾਂ ਬ੍ਰਾਹਮਣਾਂ ਨੇ ਸੂਬੇਦਾਰ ਤੋਂ ਆਪਣੇ ਦੇਵੀ ਦੇਵਤਿਆਂ ਅੱਗੇ ਰੱਖਿਆ ਦੀ ਬੇਨਤੀ ਕਰਨ ਲਈ ਮੁਹਲਤ ਮੰਗੀ ਸੀ। ਬੁੱਤ ਕਿਸੇ ਦੀ ਰੱਖਿਆ ਨਹੀਂ ਕਰ ਸਕਦੇ, ਇਸ ਗੱਲ ਤੇ ਸੂਬੇਦਾਰ ਦਾ ਕਾਮਲ ਯਕੀਨ ਸੀ। ਉਸ ਨੇ ਮੁਹਲਤ ਦੇ ਦਿੱਤੀ ਸੀ। ਬ੍ਰਾਹਮਣਾਂ ਨੂੰ ਵੀ ਸ਼ਾਇਦ ਅੰਦਰਲੇ ਦਿਲੋਂ ਇਸ ਗੱਲ ਦਾ ਪਤਾ ਸੀ। ਪਰ ਮਹੀਨਿਆਂ ਬੱਧੀ ਪੂਜਾ, ਆਹੂਤੀਆਂ ਬ੍ਰਤਾਂ ਆਦਿ ਦਾ ਕੁਝ ਨਤੀਜਾ ਨਾ ਨਿਕਲਣ ਤੇ ਆਖ਼ਰੀ ਓਟ ਗੁਰੂ ਘਰ ਹੀ ਦਿੱਸੀ। ਲੰਮੇ, ਕਠਿਨ, ਔਝੜ, ਵਿੰਗ-ਤੜਿੰਗੇ ਪਹਾੜੀ ਰਸਤੇ ਉਲਾਂਘਦੇ ਤੇ ਨਦੀਆਂ ਨਾਲੇ ਝਾਗਦੇ ਆਖ਼ਰ ਉਹ ਅੱਜ ਦੁਪਹਿਰੇ ਅਨੰਦਪੁਰ ਪਹੁੰਚ ਗਏ ਸਨ। ਕੁਝ ਚਿਰ ਬਿਸਰਾਮ ਕਰਨ ਮਗਰੋਂ ਇਹ ਗੁਰੂ-ਦੁਆਰੇ ਅੱਪੜੇ ਸਨ। ਇਕ ਸਿੱਖ ਗੁਰੂ ਜੀ ਨੂੰ ਖ਼ਬਰ ਦੇਣ ਤੁਰ ਪਿਆ ਸੀ। ਬ੍ਰਾਹਮਣ ਉੱਚੀ ਉੱਚੀ "ਤ੍ਰਾਹਿਮਾਨ ! ਤ੍ਰਾਹਿਮਾਨ !" ਪੁਕਾਰ ਰਹੇ ਸਨ ਕਿ ਗੁਰੂ ਜੀ ਉਸ ਸਿੱਖ ਨੂੰ ਭੋਰੇ ਵਿਚੋਂ ਨਿਕਲਦੇ ਦਿਸੇ। "ਇਹ ਕੌਣ ਹਨ ਜੋ ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਤੋਂ ਦਇਆ ਅਤੇ ਰੱਖਿਆ ਦੀ ਮੰਗ ਕਰ ਰਹੇ ਹਨ ? ਉਨ੍ਹਾਂ ਨੇ ਸਿੱਖ ਨੂੰ ਦਇਆ ਪੂਰਿਤ ਪ੍ਰਸ਼ਨ ਕੀਤਾ।

ਹਜ਼ੂਰੀ ਸਿੱਖ ਨੇ ਸਿਰ ਝੁਕਾ ਕੇ ਕਿਹਾ, "ਸਤਿਗੁਰੂ ਜੀ, ਕਸ਼ਮੀਰ ਦੇ ਸੂਬੇਦਾਰ ਦੇ ਡਰਾਏ ਤੇ ਦੁੱਖੀ



www.AKJ.Org

ਕੀਤੇ ਕਸ਼ਮੀਰੀ ਪੰਡਿਤ ਆਪ ਜੀ ਦੀ ਸ਼ਰਨ ਆਏ ਹਨ।"

"ਅਸੀਂ ਥੜੇ ਤੇ ਬੈਠਦੇ ਹਾਂ। ਭਾਈ ਜੀ, ਤੁਸੀਂ ਉਨ੍ਹਾਂ ਨੂੰ ਉਧਰ ਹੀ ਲੈ ਆਵੋ," ਕਹਿੰਦੇ ਕਹਿੰਦੇ, ਗੁਰੂ ਜੀ ਉੱਤਰ ਦਿਸ਼ਾ ਦੀ ਢਲਵਾਨ, ਵਾਦੀ, ਨਾਲੇ ਤੇ ਪਹਾੜੀਆਂ ਵੱਲ ਝਾਤ ਪੁਆਉਂਦੇ ਥੜੇ ਤੇ ਜਾ ਬਿਰਾਜਮਾਨ ਹੋਏ।

"ਤ੍ਰਾਹਿ! ਤ੍ਰਾਹਿ!" ਦੀ ਪੁਕਾਰ ਕਰਦੇ ਆ ਰਹੇ ਪੰਡਿਤਾਂ ਨੂੰ ਸਤਿਗੁਰਾਂ ਨੇ ਛਾਤੀ ਦੇ ਬਰੌਬਰ ਹੱਥ ਚੁੱਕ ਕੇ ਅਭੈ-ਦਾਨ ਦਿੱਤਾ ਅਤੇ ਸਭ ਨੂੰ ਬੈਠ ਜਾਣ ਲਈ ਸੰਕੇਤ ਕੀਤਾ। ਸਾਰੇ ਪੰਡਿਤ ਸਤਿਗੁਰਾਂ ਦੇ ਮੁੱਖ ਵਲ ਰੁਖ ਕਰ ਕੇ ਅਰਧ-ਚੰਦਰ-ਅਕਾਰ੧੦ ਬੈਠ ਗਏ।

ਸਤਿਗੁਰਾਂ ਬਚਨ ਕੀਤਾ, "ਪੰਡਤ ਜਨੋ! ਆਉਂਦਿਆਂ ਰਸਤੇ ਵਿਚ ਆਪ ਨੂੰ ਕਸ਼ਟ ਤਾਂ ਨਹੀਂ ਹੋਇਆ? ਗੁਰੂ ਕੇ ਲੰਗਰ ਵਿਚੋਂ ਆਪ ਨੇ ਪ੍ਰਸ਼ਾਦ ਛੱਕ ਲਿਆ? ਬਿਸਰਾਮ ਲਈ ਆਪ ਨੂੰ ਸੁਖ ਅਸਥਾਨ ਪ੍ਰਾਪਤ ਹੋ ਗਿਆ?"

"ਪ੍ਰਭੂ ਸਤਿਗੁਰੂ, ਜੋ ਕਸ਼ਟ ਸਾਨੂੰ ਸਾਡੇ ਮੁਸਲਮਨ ਸ਼ਾਸਕਾਂ ਵਲੋਂ ਮਿਲ ਰਹੇ ਹਨ ਉਨ੍ਹਾਂ ਦੇ ਸਾਹਮਣੇ ਹੋਰ ਸਾਰੇ ਕਸ਼ਟ ਕੁਝ ਵੀ ਨਹੀਂ। ਅਸੀਂ ਆਪ ਜੀ ਦੀ ਸ਼ਰਨ ਉਨ੍ਹਾਂ ਕਸ਼ਟਾਂ ਤੇ ਦੁਖਾਂ ਦੀ ਨਵਿਰਤੀ ਲਈ ਉਪਸਥਿਤ੧੧ ਹੋਏ ਹਾਂ।"

"ਕਹੋ, ਪੰਡਿਤ ਜੀ, ਤੁਸੀਂ ਆਪਣੀ ਵਿਥਿਆ ਕਹੋ। ਗੁਰੂ ਨਾਨਕ ਦਾ ਘਰ ਸੰਸਾਰ ਦੀ ਦੁੱਖ-ਨਵਿਰਤੀ ਲਈ ਹੀ ਕਾਇਮ ਹੋਇਆ ਹੈ।"

"ਮਹਾਂ ਪ੍ਰਭੂ! ਔਰੰਗਜ਼ੇਬ, ਦਿੱਲੀ ਦੇ ਸ਼ਹਿਨਸ਼ਾਹ ਨੇ ਸਾਰੇ ਹਿੰਦੂਆਂ ਨੂੰ ਜ਼ੋਰ ਨਾਲ ਮੁਸਲਮਾਨ ਬਣਾਉਣ ਦਾ ਬੀੜਾ ਚੁੱਕਿਆ ਹੋਇਆ ਹੈ। ਬਨਾਰਸ ਆਦਿ ਤੀਰਥ-ਅਸਥਾਨਾਂ ਤੇ ਮੰਦਰ ਗਿਰਾ ਕੇ ਮਸਜਿਦਾਂ ਉਸਾਰੀਆਂ ਜਾ ਰਹੀਆਂ ਦਸੀਦੀਆਂ ਹਨ। ਸੂਬੇਦਾਰਾਂ ਨੂੰ ਪਰਵਾਨੇ ਪਹੁੰਚ ਚੁਕੇ ਹਨ। ਸਾਡੇ ਸੂਬੇਦਾਰ, ਸ਼ੇਰ ਅਫ਼ਗਨ ਨੇ ਤਾਂ ਅੱਧਾ ਕਸ਼ਮੀਰ ਮੁਸਲਮਾਨ ਬਣਾ ਵੀ ਛੱਡਿਆ ਹੈ। ਇਸ ਵੇਲੇ ਹਿੰਦੂ ਧਰਮ ਦਾ ਰਖਸ਼ਕ ਆਪ ਤੋਂ ਅਤਿਰਿਕਤ੧੨ ਹੋਰ ਕੋਈ ਦਿਖਾਈ ਨਹੀਂ ਦਿੰਦਾ।"

"ਪੰਡਿਤ ਜੀ, ਜ਼ੋਰ-ਜ਼ੁਲਮ ਗੁਰੂ-ਘਰ ਨੂੰ ਕਦੰਤ ਪਸੰਦ ਨਹੀਂ। ਜ਼ੁਲਮ ਅਤੇ ਜ਼ਾਲਮ ਦਾ ਗੁਰੂ-ਘਰ ਵਿਰੋਧੀ ਹੈ। ਹਿੰਦੂ ਕੀ, ਜੇ ਮੁਸਲਮਾਨਾਂ ਤੇ ਵੀ ਜ਼ੁਲਮ ਹੁੰਦਾ ਹੋਵੇ ਤਾਂ ਗੁਰੂ-ਘਰ ਉਨ੍ਹਾਂ ਦੀ ਵੀ ਰਖਿਆ ਕਰੇਗਾ। ਗੁਰੂ-ਘਰ ਸਮਦਰਸੀ ਹੈ।"

"ਸਤਯ ਹੈ, ਮਹਾਂ ਪ੍ਰਭੂ ਸਤਯ ਹੈ। ਪਰੰਤੂ ਇਸ ਸਮਯ ਤਾਂ ਹਿੰਦੂ ਪੀੜਿਤ ਹਨ। ਕਰੂਰ ਮੁਸਲਮਾਨ ਅਪਰਾਧੀ ਹਨ।"

"ਪੰਡਿਤ ਜੀ, ਸਾਰੇ ਮੁਸਲਮਾਨ ਨਹੀਂ। ਬਾਦਸ਼ਾਹ ਔਰੰਗਜ਼ੇਬ, ਉਸ ਦੇ ਕੁਝ ਪਥ-ਪਰਦਰਸ਼ਕ ਮੁਲਾਣੇ, ਉਸ ਦੇ ਕੁਝ ਸਾਥੀ ਤੇ ਪਿਛ-ਲੱਗ ਮੁਸਲਮਾਨ ਅਪਰਾਧੀ ਹਨ। ਪਰ ਕੁਝ ਖ਼ੁਦਗਰਜ਼ ਰਾਜਪੂਤ ਰਾਜ-ਰਜਵਾੜੇ ਵੀ ਉਸ ਦੇ ਨਾਲ ਹਨ। ਉਹ ਵੀ ਤਾਂ ਹਿੰਦੂ ਹਨ। ਪਰ ਆਪ ਪੀੜਤ ਹੋ। ਤੁਹਾਡੀ ਰਖਸ਼ਾ ਹੋਣੀ ਹੀ ਚਾਹੀਏ।"

"ਸਤਯ ਹੈ, ਮਹਾਂ ਪ੍ਰਭੂ, ਸਤਯ ਹੈ।"

ਸਤਿਗੁਰੂ ਸੋਚਣ ਦੀ ਮੁਦ੍ਰਾ ਵਿਚ ਕਈ ਪਲ ਮੌਨ ਰਹੇ। ਪੰਡਿਤ ਚਿੰਤਿਤ-ਉਡੀਕ ਦੀਆਂ ਘੜੀਆਂ ਵਿਚ ਚੁੱਪ ਤੇ ਅਹਿੱਲ ਬੈਠੇ ਸਨ। ਐਸੀ ਚੁੱਪ ਸੀ ਕਿ ਸਾਰਿਆਂ ਦੇ ਸਵਾਸਾਂ ਦੇ ਚਲਣ ਦੀ ਅਵਾਜ਼ ਵੀ ਸੁਣੀਂਦੀ ਸੀ। ਜੀਵਨ ਦੀ ਇਸ ਹਰਕਤ ਤੋਂ ਬਿਨਾਂ ਪੰਡਿਤਾਂ ਤੇ ਮੌਤ ਵਰਗੀ ਮੌਨ ਦਾ ਰਾਜ ਸੀ। ਇਹ

(੧੦) ਅਰਧ ਚੰਦਰ ਅਕਾਰ=ਅੱਧਾ ਘੇਰਾ ਬਣਾ ਕੇ। (੧੧) ਉਪਸਥਿਤ=ਹਾਜ਼ਰ। (੧੨) ਅਤਿਰਿਕਤ=ਇਲਾਵਾ।



www.AKJ.Org

ਨਰਾਸ਼ਾ ਤੇ ਆਸ਼ਾ ਵਿਚਕਾਰ ਲਟਕ ਰਹੇ ਜੀਵਨ ਦਾ ਇਕ ਚਿੱਤਰ ਸੀ।

ਆਖ਼ਰ ਸਤਿਗੁਰਾਂ ਨੇ ਮੌਨ ਮੁਦ੍ਰਾ ਨੂੰ ਤਿਆਗਿਆ। ਪਰ ਪੰਡਿਤਾਂ ਦੀ ਪ੍ਰਤੀਖਿਆ[੧੩] ਉਵੇਂ ਹੀ ਕਾਇਮ ਸੀ।

ਸ੍ਰੀ ਮੁਖ ਤੋਂ ਗੰਭੀਰ ਨਾਦ ਹੋਇਆ, "ਇਹ ਖੇਲ ਕਠਿਨ ਹੈ।" ਪੰਡਿਤਾਂ ਦੇ ਮੂੰਹ ਅਡੇ ਗਏ, ਪਰ ਪਰ ਉਹ ਫਿਰ ਵੀ ਚੁਪ ਬੈਠੇ ਰਹੇ।

ਸਤਿਗੁਰੂ ਪੰਡਿਤਾਂ ਵਲ ਅਤਿਅੰਤ ਗੰਭੀਰ ਦ੍ਰਿਸ਼ਟੀ ਨਾਲ ਦੇਖਦੇ ਹੋਏ ਫਿਰ ਬੋਲੇ, "ਕਿਸੇ ਐਸੇ ਮਹਾਂਪੁਰਸ਼ ਦੀ ਲੋੜ ਹੈ ਜਿਸ ਨੂੰ ਭਾਰਤ ਵਿਚ ਬ੍ਰਹਮ-ਗਿਆਨੀ ਹੋਣ ਦੀ ਮਾਨਤਾ ਪ੍ਰਾਪਤ ਹੋਵੇ, ਜਿਸ ਨੂੰ ਹਿੰਦੂ ਤੇ ਮੁਸਲਮਾਨ ਰੱਬ ਦਾ ਪਿਆਰਾ ਸਮਝਦੇ ਹੋਣ, ਜਿਸ ਦੀ ਬਾਣੀ ਵਿਚ ਨਿਮਰਤਾ ਦੇ ਨਾਲ ਨਿਰਭੈ-ਸਤਯ ਕਹਿਣ ਦੀ ਦ੍ਰਿੜ੍ਹਤਾ ਹੋਵੇ, ਜੋ ਸਤਯ ਲਈ ਲੋੜ ਪੈਣ ਤੇ ਸਰੀਰ ਨੂੰ ਚੋਲੇ ਵਾਂਗ ਤਿਆਗ ਸਕੇ, ਜਿਸ ਦੇ ਬਲੀਦਾਨ ਨਾਲ ਭਾਰਤ ਵਿਚ ਹਾਹਾਕਾਰ ਮਚ ਜਾਏ, ਜਿਸ ਤੋਂ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਹੋ ਰਹੇ ਜ਼ੁਲਮ ਦਾ ਦੀਰਘ ਅਨੁਭਵ ਹੋ ਜਾਏ।"

ਫੇਰ ਲੰਮੀ ਚੁੱਪ ਛਾ ਗਈ।

ਵਾਰਤਾਲਾਪ ਦੇ ਦੌਰਾਨ ਵਾਦੀ ਦੇ ਵਿਚੋਂ "ਅਕਾਲ! ਅਕਾਲ!" ਦੇ ਨਾਹਰੇ ਬਾਲਕ-ਕੰਠਾਂ ਤੋਂ ਉਠਦੇ ਰਹੇ ਸਨ। ਹੁਣ ਉਹ ਨਾਹਰੇ ਗੂੰਜਦੇ, ਅਰਸ਼ ਨੂੰ ਗੁੰਜਾਉਂਦੇ ਗੁਰੂ ਕੇ ਮਹੱਲਾਂ ਦੇ ਲਾਗੇ ਆ ਰਹੇ ਸਨ, ਜਿਵੇਂ ਕੋਈ ਵਿਜਈ ਫੌਜ ਛਾਉਣੀ ਨੂੰ ਮੁੜ ਰਹੀ ਹੋਵੇ।

ਗੁਰੂ ਕੇ ਮਹਿਲਾਂ ਦੇ ਵਿਹੜੇ ਵਿਚ ਚੁਪ ਛਾਈ ਹੋਈ ਸੀ ਜਦ ਨੌਂ ਸਾਲਾਂ ਦੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਸੱਜੇ ਕੰਧੇ ਧਨੁਖ, ਗਾਤਰੇ ਮੇਚੇ ਦੀ ਸ੍ਰੀ ਸਾਹਿਬ, ਹੱਥ ਵਿਚ ਨੰਨ੍ਹੇ ਤੀਰ ਲਾ ਕੇ ਪੂਰੇ ਕਮਰ-ਕੱਸੇ ਵਿਚ ਸਿੰਘ-ਦੁਆਰ ਵਿਚ ਦਾਖ਼ਲ ਹੋਏ। 'ਅਕਾਲ! ਅਕਾਲ!' ਦੇ ਨਾਹਰੇ ਸਾਰੀ ਨਗਰੀ ਵਿਚ ਖਿਲਰਨ ਲਗੇ, ਜਿਵੇਂ ਬਾਲਕ-ਸੈਨਾ ਦੇ ਜੋਧੇ ਘਰੋ ਘਰੀ ਜਾ ਰਹੇ ਹੋਣ।

ਸ੍ਰੀ ਗੋਬਿੰਦ ਜੀ ਮਹਿਲਾਂ ਤੋਂ ਬਾਹਰ ਥੜੇ ਤੇ ਪਿਤਾ ਜੀ ਨੂੰ ਬੈਠੇ ਦੇਖ ਕੇ ਉਸੇ ਪਾਸੇ ਮੁੜੇ। ਉਹ ਵਿਸਮਤ ਸਨ ਕਿ ਇੰਨੀ ਹਾਜ਼ਰੀ ਦੇ ਹੁੰਦਿਆਂ ਇੰਨੀ ਚੁਪ ਕਿਉਂ!

ਜੋੜਾ ਉਤਾਰ ਕੇ ਸ੍ਰੀ ਗੋਬਿੰਦ ਰਾਇ ਜੀ ਥੜੇ ਤੇ ਚੜ੍ਹ ਗਏ। ਕਮਾਨ ਤੇ ਸ੍ਰੀ ਸਾਹਿਬ ਉਤਾਰ ਕੇ ਕਮਰ-ਕੱਸਾ ਢਿੱਲਾ ਕੀਤਾ ਤੇ ਪਿਤਾ ਜੀ ਦੇ ਚਰਨਾਂ ਤੇ ਸੀਸ ਨਿਵਾਇਆ। ਪਿਤਾ ਜੀ ਨੇ ਪਿਆਰ ਨਾਲ ਸੱਜੀ ਬਾਂਹ ਵਲਾ ਕੇ ਉਨ੍ਹਾਂ ਨੂੰ ਅੰਕ ਵਿਚ ਬੈਠਾ ਲਿਆ ਤੇ ਕੁਝ ਚਿਰ ਫਿਰ ਅਹਿੱਲ ਸੋਚਦੇ ਰਹੇ। ਗੋਬਿੰਦ ਜੀ ਨੇ ਮੂੰਹ ਫੇਰ ਕੇ ਪਿਤਾ-ਗੁਰੂ ਜੀ ਦਾ ਚਿੰਤਿਤ ਚਿਹਰਾ ਦੇਖਿਆ ਤੇ ਪੂਰਬੀ ਮਿਸ੍ਰਿਤ ਮਨਮੋਹਨ ਪੰਜਾਬੀ ਵਿਚ ਪੁਛਿਆ, "ਪਿਤਾ ਜੀ, ਆਪ ਦੀ ਚਿੰਤਾ ਦਾ ਕੀ ਕਾਰਣ ਹੈ?" ਸਾਹਿਬਜ਼ਾਦਾ ਜੀ ਨੇ ਗੁਰੂ-ਪਿਤਾ ਨੂੰ ਇਉਂ ਚਿੰਤਾ-ਨਿਮਗਨ ਕਦੇ ਨਹੀਂ ਸੀ ਦੇਖਿਆ। ਸਤਿਗੁਰੂ ਕਿੰਚਿਤ ਮਾਤਰ ਮੁਸਕਰਾਏ ਅਤੇ ਆਪਣੀ ਚਿੰਤਾ ਵਿਚ ਸਾਹਿਬਜ਼ਾਦਾ ਜੀ ਨੂੰ ਚਿੰਤਾਤੁਰ ਦੇਖਿਆ।

ਹੌਲੀ ਹੌਲੀ ਉਹ ਸਾਰੀ ਗੱਲ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੂੰ ਸੁਣਾਉਣ ਲੱਗੇ। ਸਾਹਿਬਜ਼ਾਦਾ ਜੀ ਗੋਦ ਵਿੱਚੋਂ ਉਠ ਗੁਰੂ ਜੀ ਦੇ ਸਾਹਮਣੇ ਚੌਂਕੜੀ ਮਾਰ ਕੇ ਬੈਠੇ ਸੁਣਦੇ ਰਹੇ। ਅੰਤ ਗੁਰੂਦੇਵ ਪਿਤਾ ਜੀ ਨੇ ਕਿਹਾ, "ਸੋ ਐਸੇ ਮਹਾਂ ਪੁਰਸ਼ ਦੀ ਲੋੜ ਹੈ, ਐਸੇ ਮਹਾਂ ਪੁਰਸ਼ ਦੀ ਭਾਲ ਹੈ।"

ਇਸ ਸਮੇਂ ਸਾਹਿਬਜ਼ਾਦਾ ਗੋਬਿੰਦ ਰਾਇ ਜੀ, ਪਿਤਾ ਜੀ ਥਾਂ ਆਦਿ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਰ ਰਹੇ ਸਨ ਬਾਬਰ ਨੂੰ ਤਾੜ ਕੇ ਕਹਿੰਦੇ "ਕੂੜ ਕੀ ਜੰਞ ਲੈ ਕਾਬਲਹੁ ਧਾਇਆ"; ਗੁਰੂ ਅੰਗਦ ਦੇਵ

੧੩. ਪ੍ਰਤੀਖਿਆ—ਉਡੀਕ।



www.AKJ.Org

ਜੀ ਦਾ ਦਰਸ਼ਨ ਕਰ ਰਹੇ ਸਨ ਹੁਮਾਯੂੰ ਨੂੰ ਕਹਿੰਦੇ, "ਇਹ ਤਲਵਾਰ ਸ਼ੇਰ ਸ਼ਾਹ ਸੂਰੀ ਦੇ ਸਾਹਮਣੇ ਕਿਥੇ ਗਈ ਸੀ ਜੋ ਅੱਜ ਫ਼ਕੀਰਾਂ ਤੇ ਉਠ ਰਹੀ ਹੈ ?" ਦਰਸ਼ਨ ਕਰ ਰਹੇ ਸਨ ਗੁਰੂ ਅਮਰਦਾਸ ਜੀ ਦਾ; ਜਿਨ੍ਹਾਂ ਸਾਹਮਣੇ ਅਕਬਰ ਨਮਸਕਾਰ ਕਰ ਰਿਹਾ ਸੀ। ਦਰਸ਼ਨ ਕਰ ਰਹੇ ਸਨ ਗੁਰੂ ਰਾਮਦਾਸ ਜੀ ਦੇ, ਜਿਨ੍ਹਾਂ ਨੂੰ ਅਕਬਰ ਗੁਰੂ ਕੇ ਚੱਕ ਦੀ ਜ਼ਮੀਨ ਭੇਟਾ ਕਰ ਰਿਹਾ ਸੀ। ਦਰਸ਼ਨ ਕਰ ਰਹੇ ਸਨ ਗੁਰੂ ਅਰਜਨ ਦੇਵ ਜੀ ਦਾ, ਜੋ ਜਹਾਂਗੀਰ ਦੇ ਅਨਿਆਂ ਦੀ ਉਬਲਦੀ ਦੇਗ ਵਿਚ ਇਉਂ ਬੈਠੇ ਸਨ ਜਿਵੇਂ ਸੁਰਸਰੀ[੧੪] ਦੇ ਸੀਤਲ ਜਲ ਵਿਚ। ਦਰਸ਼ਨ ਕਰ ਰਹੇ ਸਨ ਗੁਰੂ ਹਰਿਗੋਬਿੰਦ ਜੀ ਦਾ, ਜੋ ਮੁਗਲ-ਸੈਨਾ ਨੂੰ ਭਾਂਜ ਤੇ ਭਾਂਜ ਦੇ ਰਹੇ ਸਨ। ਦਰਸ਼ਨ ਕਰ ਰਹੇ ਸਨ ਗੁਰੂ ਹਰਿ ਰਾਏ ਜੀ ਦਾ, ਜੋ ਰਾਮਰਾਏ ਜੀ ਨੂੰ ਸ਼ਾਹ ਸਾਹਮਣੇ ਆਦਿ ਗ੍ਰੰਥ ਜੀ ਦੇ ਸ਼ਬਦ ਦਾ ਇਕ ਸ਼ਬਦ ਬਦਲਾਉਣ ਪਿੱਛੇ ਸਦਾ ਲਈ ਤ੍ਰਾਹ[੧੫] ਰਹੇ ਸਨ। ਦਰਸ਼ਨ ਕਰ ਰਹੇ ਸਨ ਸੱਤਾਂ ਸਾਲਾਂ ਦੇ ਬਾਲਾ ਗੁਰੂ ਹਰਿਕ੍ਰਿਸ਼ਨ ਜੀ ਦਾ, ਜੋ ਔਰੰਗਜ਼ੇਬ ਨੂੰ ਸਾਫ ਕਹਿ ਰਹੇ ਸਨ ਕਿ ਅਸੀਂ ਗੁਰੂ-ਆਗਿਆ ਅਨੁਸਾਰ ਤੇਰੇ ਦਰਬਾਰ ਵਿਚ ਕਦੇ ਨਹੀਂ ਆਉਣਾ ਅਤੇ ਦਰਸ਼ਨ ਕਰ ਰਹੇ ਸਨ ਉਸੇ ਗੱਦੀ ਤੇ ਪਿਤਾ ਗੁਰੂ ਤੇਗ ਬਹਾਦਰ ਜੀ ਦਾ। ਅਚਾਨਕ ਉਹ ਹੱਥ ਜੋੜ ਕੇ ਉੱਠੇ ਅਤੇ ਬੇਨਤੀ ਕੀਤੀ, "ਪਿਤਾ ਜੀ, ਮੈਂ ਉਹ ਮਹਾਂ ਪੁਰਸ਼ ਲੱਭ ਲਏ ਹਨ।"

ਸਤਿਗੁਰੂ ਜੀ ਇਹ ਸੁਣ ਕੇ ਮੁਸਕਰਾਏ। ਵਿਸਮੈ[੧੬] ਅਤੇ ਅਨੰਦ-ਵਿਭੋਰ[੧੭] ਕਸ਼ਮੀਰੀ ਪੰਡਿਤਾਂ ਨੇ ਵੱਖੋ ਵੱਖਰੀਆਂ ਅਵਾਜ਼ਾਂ ਵਿਚ ਇਕੋ ਵਾਰ ਪੁੱਛਿਆ, "ਕੌਣ ਹਨ ਉਹ ਮਹਾਂ ਪੁਰਸ਼, ਗੁਰੂ-ਕੁਮਾਰ ?"

ਬੜੀ ਦ੍ਰਿੜ੍ਹਤਾ ਭਰਪੂਰ ਤੇ ਨਿਰਣਯ-ਆਤਮਕ ਸੁਰ ਵਿਚ ਸ੍ਰੀ ਗੁਰੂ ਗੋਬਿੰਦ ਰਾਇ ਜੀ ਨੇ ਕਿਹਾ :

"ਗੁਰੂ ਅਵਤਾਰ ਨੌਵੇਂ ਸਤਿਗੁਰੂ ਨਾਨਕ।"

ਗੁਰੂ ਦੇਵ ਜੀ ਨੇ ਗੋਬਿੰਦ ਜੀ ਨੂੰ ਉੱਠ ਕੇ ਛਾਤੀ ਨਾਲ ਲਾ ਲਿਆ ਅਤੇ ਉੱਚੇ ਸੁਰ ਵਿਚ ਕਿਹਾ, "ਪੰਡਿਤ ਜੀ, ਗੁਰੂ ਨਾਨਕ ਦਾ ਦਰ ਨੀਵਾਂ ਹੈ। ਗੁਰੂ ਨਾਨਕ ਦੀ ਗੱਦੀ ਅਨੰਦਪੁਰ ਵਿਚ ਸਦਾ ਕਾਇਮ ਰਹੇਗੀ। ਤੇਗ ਬਹਾਦਰ ਔਰੰਗਜ਼ੇਬ ਨੂੰ ਸਮਝਾਉਣ ਜਾਏਗਾ। ਮਜ਼ਲੂਮਾਂ ਦੀ ਰੱਖਿਆ ਕੀਤੀ ਜਾਏਗੀ। ਜਾਓ, ਆਪਣੇ ਸੂਬੇਦਾਰ ਨੂੰ ਕਹਿ ਭੇਜੋ ਕਿ ਕਾਹਲੀ ਨਾ ਕਰੇ। ਔਰੰਗਜ਼ੇਬ ਨੂੰ ਵੀ ਲਿਖ ਭੇਜੋ। ਦੇਸ਼ ਦੇ ਕੋਨੇ ਕੋਨੇ ਵਿਚ ਇਹ ਗੱਲ ਫੈਲਾ ਦਿਓ, 'ਗੁਰੂ ਨਾਨਕ ਦੀ ਗੱਦੀ ਸ਼ਰਨ ਪਿਆਂ ਦੀ ਲਾਜ ਰਖੇਗੀ।'

ਇਕ-ਦਮ ਜੈ ਜੈ ਕਾਰ ਗੂੰਜ ਉੱਠੀ। ਗੁਰੂ ਨਾਨਕ ਦੇਵ ਜੀ ਦੀ ਜੈ! ਗੁਰੂ ਤੇਗ ਬਹਾਦਰ ਜੀ ਦੀ ਜੈ! ਗੁਰੂ-ਕੁਮਾਰ ਗੋਬਿੰਦ ਰਾਇ ਜੀ ਦੀ ਜੈ! ਜੈ! ਜੈ! ਜੈ।"

੧੪. ਸੁਰਸਰੀ=ਗੰਗਾ। ੧੫. ਤ੍ਰਾਹ=ਦੂਰ ਕਰ ਰਹੇ।
੧੬. ਵਿਸਮੈ=ਹੈਰਾਨ। ੧੭. ਵਿਭੋਰ=ਮਗਨ।

[ਸਫਾ ੨੧ ਦੀ ਬਾਕੀ]

ਮੈਂ ਤਾਂ ਅੱਜ ਤੋਂ ਹੀ ਤੁਹਾਡੇ ਬਚਨਾਂ ਦਾ ਕਾਇਲ ਹੋ ਗਿਆ ਹਾਂ। ਹੁਣ ਤੱਕ ਮੈਂ ਇਹੀ ਸਮਝੀ ਬੈਠਾ ਸੀ ਕਿ ਚਰਨ-ਧੂੜ ਓਹੀ ਹੁੰਦੀ ਹੈ ਜਿਹੜੀ ਗੁਰਸਿਖਾਂ ਦੇ ਚਰਨਾਂ ਦੇ ਨਾਲ ਹੀ ਲੱਗੀ ਹੋਈ ਹੋਵੇ ਅਤੇ ਜਿਸ ਦੀ, ਹੱਥ ਲਾਇਆਂ ਹੀ, ਪ੍ਰਾਪਤੀ ਹੁੰਦੀ ਹੈ। ਅਸਲੀਅਤ ਤਾਂ ਹੁਣ ਉੱਘੜੀ ਹੈ। ਅਸੀਂ ਕਦੇ ਸੋਚਿਆ ਹੀ ਨਹੀਂ; ਕਿ ਪੈਰੀਂ ਲੱਗਣ ਜਾਂ ਪੈਰੀਂ ਪੈਣ ਦਾ ਤਾਂ ਭਾਵ ਨਿਮਰਤਾ ਅਤੇ ਸਤਿਕਾਰ ਨਾਲ ਅਗਲੇ ਦਾ ਹੁਕਮ ਮੰਨਣ ਦਾ (ਉਸ ਦੀ ਸੇਵਾ ਵਿਚ ਹਾਜ਼ਰ ਹੋਣ ਦਾ) ਹੁੰਦਾ ਹੈ। ਪਰ ਜਿਸ ਤਰ੍ਹਾਂ ਕਈ ਸੱਜਣਾਂ ਨੂੰ ਇਕ ਦੂਜੇ ਦੀ ਚਰਨ-ਧੂੜ ਦੀ ਖੋਹਾ-ਮਾਹੀ ਕਰਦੇ ਦੇਖੀਦਾ ਹੈ ਓਥੇ ਤਾਂ ਨਿਮਰਤਾ ਦਾ ਮੁਸ਼ਕ ਭੀ ਨਜ਼ਰ ਨਹੀਂ ਆਉਂਦਾ। ਸਗੋਂ ਦਾਉ-ਪੇਚ ਲਗਾਉਣ ਜਾਂ, ਜ਼ੋਰ-ਅਜ਼ਮਾਈ ਦਾ ਹੀ ਬੋਲ-ਬਾਲਾ ਦੇਖੀਦਾ ਹੈ। ਆਪ ਜੀ ਦਾ ਧੰਨਵਾਦ! ਵਾਹ ਵਾਹ! ਖ਼ੂਬ ਸਮਝਾਇਆ ਜੇ! ਖੁਸ਼ ਰਹੋ!



www.AKJ.Org

# ਸੰਤ ਜਨਾ ਕੀ ਰੇਣੁਕਾ......

[ਵਲੋਂ :—ਸੁਕੈਡਰਨ ਲੀਡਰ ਭਾਈ ਸਾਹਿਬ ਰਾਮ ਸਿੰਘ ਜੀ, ਅੰਮ੍ਰਿਤਸਰ]

ਭਾ: ਸੱਜਣ ਸਿੰਘ :–ਵੀਰ ਮਿੱਤ੍ਰ ਸਿੰਘ ਜੀ, ਅਜ ਮੇਰੇ ਮਨ ਵਿਚ ਇਕ ਵਿਚਾਰ ਆਈ ਹੈ ਕਿ, ਜਿਸ ਕਲਿਆਨ ਕਾਰਨ ਦੂਸਰੇ ਧਰਮਾਂ ਵਿਚ ਕਈ ਕਰੜੇ ਜਪ, ਤਪ ਅਤੇ ਸਾਧਨਾਂ ਦੇ ਉਪਰਾਲੇ ਕੀਤੇ ਜਾਂਦੇ ਹਨ ਅਰ ਫਿਰ ਵੀ ਤਸੱਲੀ ਨਹੀਂ ਹੁੰਦੀ, ਕਿ ਕਲਿਆਨ ਪਰਾਪਤ ਹੋ ਜਾਏਗੀ, ਸਿੱਖ ਧਰਮ ਵਿਚ, ਪਰਮ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮਹਾਂਵਾਕ ਅਨੁਸਾਰ, ਉਹ ਕਲਿਆਨ ਗੁਰਸਿੱਖਾਂ ਦੀ ਚਰਨ ਧੂੜ ਪ੍ਰਾਪਤਿ ਕਰਨ ਨਾਲ ਹੀ ਹਾਸਲ ਹੋ ਜਾਂਦੀ ਹੈ। ਯਥਾ ਗੁਰ ਵਾਕ :–

"ਗੁਰ ਸਿਖ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ ॥"

ਪਰ ਇਸ ਚਰਨ ਧੂੜ ਦੀ ਪਰਾਪਤੀ ਵਡਿਆਂ ਭਾਗਾਂ ਨਾਲ ਹੈ। ਐਵੇਂ ਨਹੀਂ। ਧੰਨ ਗੁਰੂ ਨਾਨਕ ਸਾਹਿਬ ਜੀ, ਧੰਨ ਉਨ੍ਹਾਂ ਦਾ ਚਲਾਇਆ ਸਿੱਖੀ ਮਾਰਗ ਅਤੇ ਧੰਨ ਗੁਰੂ ਜੀ ਦੇ ਹੁਕਮਾਂ ਤੇ ਚਲਣ ਵਾਲੇ ਗੁਰਸਿੱਖ। ਤਾਂਹੀਓਂ ਹੀ ਕਈ ਪ੍ਰੇਮੀਆਂ ਨੂੰ ਗੁਰਸਿੱਖਾਂ ਦੇ ਚਰਨ ਛੋਂਹਦਿਆਂ ਦੇਖਿਆ ਜਾਂਦਾ ਹੈ। ਭਈ ਗੱਲ ਅਸਲ ਵਿਚ ਇਹ ਹੈ ਕਿ ਉਹ ਐਸਾ ਕਰਨ ਭੀ ਕਿਉਂ ਨਾ ? ਆਪਣੀ ਕਲਿਆਣ ਲਈ ਹਰ ਕੋਈ ਵਧ ਤੋਂ ਵਧ ਉੱਦਮ ਕਰਦਾ ਹੈ। ਅਜਿਹਾ ਕਰਨਾ ਕੋਈ ਮਾੜੀ ਗੱਲ ਥੋੜੀ ਹੈ ? ਨਾਲੇ ਚਰਨੀਂ ਹੱਥ ਲਾਉਣਾ ਵੈਸੇ ਭੀ ਤਾਂ ਨਿਮਰਤਾਈ ਹੈ, ਅਤੇ ਦੂਸਰੇ ਲਈ ਸਤਿਕਾਰ ਦਾ ਪ੍ਰਗਟਾਵਾ ਹੈ। ਇਸ ਲਈ ਚੰਗਾ ਈ ਹੈ।

ਭਾ: ਮਿੱਤ੍ਰ ਸਿੰਘ :–ਨਹੀਂ ਵੀਰ ਜੀਓ ! ਮੈਂ ਤੁਹਾਡੇ ਨਾਲ ਸਹਿਮਤ ਨਹੀਂ।

ਭਾ: ਸੱਜਣ ਸਿੰਘ :–ਕਿਉਂ, ਮਹਾਰਾਜ ਜੀ ? ਇਹ ਕੀ ਕਿਹਾ ਜੇ ? ਜ਼ਰਾ ਖੋਲ੍ਹ ਕੇ ਦੱਸੋ।

ਭਾ: ਮਿੱਤ੍ਰ ਸਿੰਘ :–ਅਸਲੀਅਤ ਇੰਜ ਹੈ ਕਿ ਕੋਈ ਭੀ ਗੁਰਸਿੱਖ ਆਪਣੇ ਚਰਨਾਂ ਨੂੰ ਹੱਥ ਨਹੀਂ ਲਾਉਣ ਦੇਂਦਾ। ਇਹ ਤਾਂ ਮੱਲੋ ਮੱਲੀ ਜਾਂ ਅੱਖ ਬਚਾ ਕੇ ਹੀ ਲਾਇਆ ਜਾਂਦਾ ਹੈ। ਆਪਣੇ ਪੈਰਾਂ ਨੂੰ ਹੱਥ ਲਾ ਲੈਣ ਦੇਣਾ, ਗੁਰੂ ਸਾਹਿਬ ਜੀ ਦੀ ਬਰਾਬਰੀ ਕਰਨ ਤੁੱਲ ਹੈ। ਅਜਿਹਾ ਕਰਨ ਨਾਲ ਮਨ ਅੰਦਰ ਹਉਮੈ ਆਉਂਦੀ ਹੈ, ਕਮਾਈ ਘਟਦੀ ਹੈ, ਅਤੇ ਘਟਦੀ ਘਟਦੀ ਖ਼ਤਮ ਹੋ ਜਾਂਦੀ ਹੈ। ਪਰ ਹਰ ਇਕ ਦੇ ਅੰਦਰ ਦੂਜੇ ਦੇ ਚਰਨਾਂ ਨੂੰ ਹੱਥ ਲਾਉਣ ਦੀ ਇੱਛਾ ਕਾਫ਼ੀ ਪ੍ਰਬਲ ਹੁੰਦੀ ਹੈ, ਕਿਉਂਕਿ ਚਰਨ ਧੂੜ ਦੀ ਮਹਿਮਾ ਜੁ ਅੱਪਰ ਅਪਾਰ ਹੋਈ। ਇਸ ਲਈ ਜਦੋਂ ਭੀ ਦਾਉ ਲੱਗੇ, ਇਨਸਾਨ ਕਿਸੇ ਨਾ ਕਿਸੇ ਬੈਠੇ ਜਾਂ ਖਲੋਤੇ ਦੇ ਚਰਨਾਂ ਤੇ ਹੱਥ ਫੇਰ ਹੀ ਲੈਂਦਾ ਹੈ। ਚਰਨ ਛੋਹਣ ਵਾਲੇ ਨੂੰ ਆਪਣੀ ਸਰੀਰਕ ਫੁਰਤੀ ਅਤੇ ਦਾਉ ਲਾ ਸੱਕਣ ਵਾਲੀ ਅਕਲ ਦਾ ਮਾਣ ਰਹਿੰਦਾ ਹੈ। ਮਨ ਦੀ ਇਹ ਅਵਸਥਾ, ਉਸਦੀ ਹਉਮੈ ਦੀ ਖ਼ੁਰਾਕ ਬਣਾਈ ਰੱਖਦੀ ਹੈ। ਇਹ ਕਰਤੱਵ ਮਨ ਦੀ ਨਿਰਮਲਤਾ, ਨਿਰਮਾਣਤਾ ਜਾਂ ਗੰਭੀਰਤਾ ਦਾ ਸੂਚਕ ਨਹੀਂ ਹੈ, ਸਗੋਂ ਚੰਚਲਪਨ, ਚਾਲਾਕੀ ਅਤੇ ਹਉਮੈ ਦਾ ਸੂਚਕ ਹੈ। ਇਸ ਲਈ ਇਹ ਘਾਟੇਵੰਦਾ ਸੋਦਾ ਹੈ।

ਜਿਸ ਗੁਰਸਿੱਖ ਦੇ ਚਰਨ ਦਾਉ ਲਗਾ ਕੇ ਜਾਂ ਜ਼ਬਰਦਸਤੀ ਛੋਹੇ ਜਾਂਦੇ ਹਨ, ਉਸ ਨੂੰ ਆਪਣੀ ਨਿਰਬਲਤਾ ਅਤੇ ਚੋਕਸ ਨਾ ਰਹਿਣ ਤੇ ਅਫਸੋਸ ਆਉਂਦਾ ਹੈ। ਉਸ ਦਾ ਮਨ ਝੂਰਦਾ ਹੈ ਕਿ ਉਹ ਘਾਟੇ ਵਿਚ ਰਿਹਾ ਹੈ। ਉਹ ਫਿਰ ਆਪਣਾ ਵੱਟਾ ਲਾਹੁਣ ਦੀ ਤਾੜ ਵਿਚ ਰਹਿੰਦਾ ਹੈ। ਜੇ ਇਹ ਨਹੀਂ ਤਾਂ ਘੱਟੋ ਘੱਟ ਉਹ ਅਜਿਹੇ ਜਾਬਰ ਸਿੱਖਾਂ ਨੂੰ, ਜਿਹੜੇ ਮਿਲਦਿਆਂ ਸਾਰ ਹੀ ਸਿੱਧੇ ਪੈਰਾਂ ਵੱਲ ਨੂੰ ਧਾਈ ਕਰਕੇ ਆਉਂਦੇ ਹਨ, ਮਿਲ ਕੇ ਖ਼ੁਸ਼ ਨਹੀਂ ਹੁੰਦਾ, ਸਗੋਂ ਇਨ੍ਹਾਂ ਤੋਂ ਦੂਰ ਹੀ ਬੈਠਣਾ ਅਥਵਾ ਵਿਚਰਨਾ ਪਸੰਦ ਕਰਦਾ ਹੈ। ਇਹ ਕੈਸਾ ਸਿੱਖੀ ਜੀਵਨ ਹੋਇਆ ? ਚਰਨਾਂ ਦੀ ਇਸ ਛੋਹਾ-ਛਾਹੀ ਤੋਂ ਖੱਟਿਆ ਕੀ ? ਇਕ ਪਾਸੇ ਚੰਚਲਤਾ, ਚਾਲਾਕੀ ਅਤੇ ਹਉਮੈ ਅਤੇ ਦੂਜੇ ਪਾਸੇ ਨਿਰਾਸਤਾ, ਝੁਰੇਵਾਂ, ਵੱਟਾ ਲੈਣ ਦੀ ਲੋਚਾ ਅਤੇ ਮਨ ਦੀ ਢਹਿੰਦੀ ਕਲਾ।



www.AKJ.Org

ਸਭ ਘਾਟੇਵੰਦੇ ਸੌਦੇ । ਇਹ ਸਭ ਆਤਮਕ ਉਨਤੀ ਦੇ ਰਸਤੇ ਵਿਚ ਰੁਕਾਵਟਾਂ ਹਨ ਅਤੇ ਮਨ ਦੀ ਨਿਰਛਲਤਾ, ਨਿਰਮਾਣਤਾ ਅਤੇ ਗੰਭੀਰਤਾ ਤੋਂ ਕਿਤੇ ਦੂਰ ਹਨ। ਇਸ ਦਿਖਾਵੇ ਨੂੰ ਗੁਰਸਿੱਖੀ ਵਿਚ ਥਾਉਂ ਨਹੀਂ ਹੈ। ਦਿਖਾਵਾ ਭਾਵੇਂ ਕਿਸੇ ਪ੍ਰਕਾਰ ਦਾ ਹੋਵੇ, ਦਿਖਾਵਾ ਤਾਂ ਘਾਟ ਹੀ ਘਾਟ ਹੈ। ਇਹ ਤਾਂ ਆਪਣੇ ਆਪ ਨੂੰ ਆਪ ਹੀ ਕਟਾਰੀ ਮਾਰਨ ਵਾਲੀ ਗੱਲ ਹੈ।

ਭਾ: ਸੱਜਣ ਸਿੰਘ :—ਤਾਂ ਫਿਰ ਗੁਰੂ ਸਾਹਿਬ ਜੀ, ਇੰਜ ਕਿਉਂ ਕਹਿੰਦੇ ਹਨ ਕਿ "ਜੋ਼ਦੀਸੈ਼ਗੁਰਸਿਖੜਾ ਤਿਸੁ਼ਨਿਵਿ਼ਨਿਵਿ਼ਲਾਗਉ਼ਪਾਇ਼ਜੀਉ" ?

ਭਾ: ਮਿੱਤ੍ਰ ਸਿੰਘ:—ਇਸ ਦਾ ਭਾਵ ਹੈ ਕਿ ਗੁਰਸਿਖ ਨੂੰ ਹਮੇਸ਼ਾਂ ਹੀ ਨਿਵ ਕੇ ਫਤਹ ਬੁਲਾਈਏ, ਗੁਰਸਿਖ ਨੂੰ ਮਿਲ ਕੇ ਸਾਨੂੰ ਚਾਅ ਚੜ੍ਹ ਜਾਏ, ਉਸ ਨੂੰ ਜੀ ਆਇਆਂ ਆਖੀਏ, ਸਤਿਕਾਰ ਅਤੇ ਸੇਵਾ ਭਾਵ ਨਾਲ ਉਸਦੇ ਪੇਸ਼ ਆਈਏ, ਉਸ ਦੀ ਲੋੜ ਪੁੱਛੀਏ, ਉਸ ਨੂੰ ਆਪਣੇ ਘਰ ਲੈ ਆਈਏ, ਉਸ ਦੀ ਖੁਸ਼ੀ ਪਰਾਪਤ ਕਰੀਏ, ਉਸ ਪਾਸੋਂ ਪ੍ਰਭੂ-ਪ੍ਰੀਤਮ ਦੀਆਂ ਬਾਤਾਂ ਸੁਣੀਏ, ਪ੍ਰਭੂ ਮਿਲਾਪ ਦੇ ਉਪਰਾਲੇ ਲਈ ਉਸ ਪਾਸੋਂ ਬਚਨ ਸੁਣੀਏ, ਉਸ ਦੀ ਪੂਰੀ ਸੇਵਾ ਸੰਭਾਲ ਕਰੀਏ, ਉਸ ਨੂੰ ਲੰਗਰ ਪਾਣੀ ਛਕਾਈਏ, ਉਸ ਨਾਲ ਗੁਣਾਂ ਦੀ ਸਾਂਝ ਪਾਈਏ। ਨਾ ਕਿ ਜਿਵੇਂ ਵੀ ਹੋਵੇ ਉਸਦੇ ਚਰਨਾਂ ਨੂੰ ਹੱਥ ਲਾ ਕੇ ਚਲਦੇ ਬਣੀਏ, ਅਤੇ ਵੈਸੇ ਉਸ ਦੀ ਵਾਤ ਭੀ ਨਾ ਪੁੱਛੀਏ! ਅਜਿਹੀ ਚਰਨ-ਛੋਹ ਦਾ ਕੀ ਲਾਭ ? ਅਤੇ ਇਸ ਵਿਚ ਸ਼ਲਾਘਾ ਯੋਗ ਕਿਹੜੀ ਗੱਲ ਹੋਈ ? ਚਰਨਾਂ ਨੂੰ ਹੱਥ ਲਾਇਆਂ ਅਤੇ ਆਪਣੇ ਰਾਹੇ ਪਏ (ਇਹ) ਤਾਂ ਫਿਰ ਫੋਕਾ ਕਰਮ ਕਾਂਡ ਹੀ ਹੋ ਗਿਆ।

ਭਾਈ ਸੱਜਣ ਸਿੰਘ :—ਫਿਰ ਤੁਸੀਂ ਹੀ ਦੱਸੋ ਕਿ ਗੁਰਸਿਖਾਂ ਦੀ ਚਰਨ-ਧੂੜ ਕਿਵੇਂ ਪ੍ਰਾਪਤ ਕੀਤੀ ਜਾਏ ?

ਭਾ: ਮਿੱਤ੍ਰ ਸਿੰਘ :—ਤੁਸੀਂ ਅਜੇ ਸਮਝੇ ਨਹੀਂ। ਕੀ ਚਰਨ ਧੂੜ ਅਜੇ ਪਿੱਛੇ ਰਹਿ ਗਈ ? ਜਿੱਥੇ ਗੁਰਸਿਖ ਪੈਰ ਧਰਦੇ ਹਨ ਉਥੇ ਹੀ ਉਨ੍ਹਾਂ ਦੀ ਚਰਨ-ਧੂੜ ਹੈ। ਗੁਰਦਵਾਰੇ ਸਾਹਿਬਾਨ ਦੀਆਂ ਪਉੜੀਆਂ ਵਿਚ, ਪਰਕਰਮਾਂ ਵਿਚ, ਸੰਗਤ ਦੇ ਬੈਠਣੇ ਵਾਲੀਆਂ ਦਰੀਆਂ ਆਦਿ ਵਿਚ, ਚਰਨ ਧੋਣ ਵਾਲਿਆਂ ਚੁਬੱਚਿਆਂ ਵਿਚ, ਸੰਗਤ ਦੇ ਜੋੜਿਆਂ ਵਿਚ, ਜਿਨ੍ਹਾਂ ਰਸਤਿਆਂ ਤੋਂ ਗੁਰਸਿਖ ਲੰਘ ਕੇ ਜਾਂਦੇ ਹਨ ਉਨ੍ਹਾਂ ਮਾਰਗਾਂ ਵਿਚ। ਇਨ੍ਹਾਂ ਅਸਥਾਨਾਂ ਅਤੇ ਵਸਤੂਆਂ ਤੋਂ ਗੁਰਸਿਖਾਂ ਦੀ ਚਰਨ-ਧੂੜ ਪਰਾਪਤ ਕਰਨ ਨਾਲ ਹਉਮੈ ਦਾ ਅਭਾਵ ਹੁੰਦਾ ਹੈ, ਮਨ ਨੂੰ ਨਿਰਮਾਣਤਾ ਅਤੇ ਨਿਰਮਲਤਾ ਪ੍ਰਾਪਤ ਹੁੰਦੀ ਹੈ, ਗੁਰਸਿੱਖਾਂ ਲਈ ਸਤਿਕਾਰ ਵਧਦਾ ਹੈ, ਸੰਗਤ ਵਿਚ ਗੁਰਸਿਖਾਂ ਨਾਲ ਜੁੜ ਬੈਠਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਇਸ ਨਾਲ ਚੜ੍ਹਦੀ ਕਲਾ ਪ੍ਰਾਪਤ ਹੁੰਦੀ ਹੈ। ਇਸ ਵਿਚ ਸਭਨਾਂ ਲਈ ਲਾਭ ਹੀ ਲਾਭ ਹੈ ਅਤੇ ਬਾਹਮੀ ਸਤਿਕਾਰ ਵਧਦਾ ਹੈ।

ਭਾ: ਸੱਜਣ ਸਿੰਘ :—ਵਾਕਈ ਤੁਹਾਡਾ ਬਚਨ ਚਾਲੀ-ਸੇਰੀ ਹੈ। ਮੈਨੂੰ ਤਾਂ ਸੁਣ ਕੇ ਹੀ ਅਨੰਦ ਆ ਗਿਆ ਹੈ। ਵੈਸੇ ਤਾਂ ਕਈ ਦਫਾ ਕਈ ਪ੍ਰੇਮੀਆਂ ਨੂੰ, ਇਕ ਦੂਜੇ ਦੀ ਚਰਨ ਧੂੜ ਲੈਣ ਦੀ ਜਦੋ ਜਹਿਦ ਵਿਚ, ਇਕ ਦੂਜੇ ਦੇ ਨਾਲ ਗੁੱਥਮ ਗੁੱਥਾ ਹੁੰਦਿਆਂ ਭੀ ਦੇਖਿਆ ਗਿਆ ਹੈ। ਇਸ ਨਾਲ ਸੱਟ-ਪੇਟ ਲੱਗ ਜਾਣ ਦੀ, ਜਾਂ ਪੱਗ ਲਹਿ ਜਾਣ ਦੀ ਸੰਭਾਵਨਾ ਭੀ ਬਣੀ ਰਹਿੰਦੀ ਹੈ। ਵੈਸੇ ਭੀ ਅਜਿਹਾ ਦ੍ਰਿਸ਼ ਦੇਖਣ ਲਈ ਸੋਭਦਾ ਨਹੀਂ। ਇਹ ਗੰਭੀਰ ਪ੍ਰਾਣੀਆਂ ਦਾ ਕਰਤੱਵ ਨਹੀਂ। ਇਸ ਨਾਲ ਇਕ ਦੂਜੇ ਲਈ ਸਤਿਕਾਰ ਘਟਦਾ ਅਤੇ ਜ਼ੋਰ-ਅਜ਼ਮਾਈ ਦੀ ਭਾਵਨਾ ਵਧਦੀ ਹੈ। ਇਸ ਨਾਲ ਮਨ ਚਚਲਤਾ ਦੇ ਘੇਰੇ ਵਿਚੋਂ ਬਾਹਰ ਨਿਕਲਦਾ ਹੀ ਨਹੀਂ।

ਤੁਸੀਂ ਠੀਕ ਕਹਿ ਰਹੇ ਹੋ। ਗੁਰੂ ਤੁਹਾਡਾ ਭਲਾ ਕਰੇ। ਆਪ ਜੀ ਦੇ ਬਚਨ ਸੁਣ ਕੇ ਇੰਜ ਪ੍ਰਤੀਤ ਹੋਇਆ ਹੈ ਕਿ ਜਿਵੇਂ ਕੋਈ ਖੁੰਜੀ ਹੋਈ ਵਸਤੂ ਪ੍ਰਾਪਤ ਹੋ ਗਈ ਹੈ। ਮਾਨੋ ਸਿਰ ਤੋਂ ਭਾਰ ਜਿਹਾ ਲਹਿ ਗਿਆ ਹੈ। ਮੇਰੇ ਅੰਦਰ ਤਾਂ ਹੁਣੇ ਹੀ ਗੁਰਸਿੱਖਾਂ ਲਈ ਸਤਿਕਾਰ ਭਰ ਗਿਆ ਹੈ। ਬੱਸ, ਤੁਸੀਂ ਇੰਜ ਸਮਝ ਲਉ ਕਿ

[ਬਾਕੀ ਦੇਖੋ ਸਫ਼ਾ ੧੯ ਦੇ ਹੇਠ]



www.AKJ.Org

# ਨਾਨਕ ਪੀਰ

[ਵਲੋਂ–ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਗੁਰਮਤਿ ਕਾਲਜ, ਪਟਿਆਲਾ]

**(ਲੇਖ ਦੀ ਲੜੀ ਜੋੜਨ ਲਈ ਵੇਖੋ ਸੂਰਾ·ਨਵੰਬਰ ੧੯੮੧)**

ਨਾਨਕ ਪੀਰ ਦੀ ਪ੍ਰਭੂ-ਸੱਤਾ ਦਾ ਇਕ ਹੋਰ ਵਿਲੱਖਣ ਪਰ ਜ਼ਰੂਰੀ ਅੰਗ ਇਹ ਸੀ ਕਿ ਰਾਜ ਨੇ ਉਸ ਦੇ ਇਸ ਅਧਿਕਾਰ ਨੂੰ ਕਦੇ ਨਹੀਂ ਵੰਗਾਰਿਆ ਕਿ ਉਹ ਆਪਣੇ ਪਿਛੇ ਆਪਣਾ ਉਤਰ-ਅਧਿਕਾਰੀ ਥਾਪਣ ਵਿਚ ਪੂਰਨ ਤੌਰ ਤੇ ਸੁਤੰਤਰ ਹੈ। ਇਸ ਸੰਬੰਧੀ ਨਾਨਕ ਪੀਰ ਤੇ ਕੋਈ ਸਮਾਜਿਕ ਜਾਂ ਭਾਈਚਾਰਕ ਦਬਾਅ ਨਹੀਂ ਪਾਇਆ ਜਾ ਸਕਿਆ। ਗੁਰੂ ਨਾਨਕ ਦੇਵ ਜੀ ਦੇ ਦੋ ਲੜਕੇ ਸਨ, ਬਾਬਾ ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ। ਸ੍ਰੀ ਕਰਤਾਰ ਪੁਰ ਦੀ ਧਰਮਸਾਲ ਵਿਚ ਉਨ੍ਹਾਂ ਨੇ ਭੀ ਅਨੇਕਾਂ ਗੁਰੂ ਸ਼ਰਧਾਲੂਆਂ ਨਾਲ ਸਤਿਗੁਰਾਂ ਤੋਂ ਆਤਮਿਕ-ਸਿਖਿਆ ਗ੍ਰਹਿਣ ਕੀਤੀ ਸੀ। ਆਮ ਸਿੱਖ ਸੰਗਤਾਂ ਅਤੇ ਹਿੰਦੂ ਸਮਾਜ ਦਾ ਇਹੋ ਖ਼ਿਆਲ ਸੀ ਕਿ ਭਾਰਤੀ ਰਿਵਾਜ ਅਨੁਸਾਰ ਨਾਨਕ ਪੀਰ ਦੀ ਗੱਦੀ ਉਨ੍ਹਾਂ ਦੇ ਵੱਡੇ ਲੜਕੇ ਬਾਬਾ ਸ੍ਰੀ ਚੰਦ ਜੀ ਨੂੰ ਦਿਤੀ ਜਾਏਗੀ। ਬਾਬਾ ਸ੍ਰੀ ਚੰਦ ਜੀ ਨੇ ਭੀ ਸ਼ਾਇਦ ਇਸ ਆਸ਼ ਨਾਲ ਹੀ ਸ਼ੁਰੂ ਤੋਂ ਤਿਆਰੀ ਕੀਤੀ ਹੋਈ ਸੀ। ਉਹ ਕਰਤਾਰਪੁਰ ਦੀ ਸਮੂਹ ਸੰਗਤ ਵਿਚ ਸਤਿਗੁਰਾਂ ਦੇ ਸਾਹਿਬਜ਼ਾਦੇ ਹੋਣ ਦੇ ਨਾਤੇ ਕਾਫੀ ਸਤਿਕਾਰ-ਭਾਵਨਾ ਨਾਲ ਵੇਖੇ ਜਾਂਦੇ ਸਨ। ਉਨ੍ਹਾਂ ਦੇ ਗੁਰ-ਗੱਦੀ ਤੇ ਬੈਠਣ ਲਈ ਲਗਪਗ ਸਾਰੀ ਨਾਨਕ ਉਮਤ ਮਾਨਸਿਕ ਤੌਰ ਤੇ ਤਿਆਰ ਹੋਈ ਹੋਈ ਸੀ, ਪਰ ਉਮਤ (ਸਿੱਖ ਸੰਗਤ) ਨੂੰ ਇਹ ਨਹੀਂ ਸੀ ਪਤਾ ਕਿ ਨਾਨਕ ਪੀਰ ਆਪਣੇ ਉਤਰ-ਅਧਿਕਾਰੀ ਦੀ ਚੋਣ ਵਿਚ ਪੂਰਨ ਤੌਰ ਤੇ ਸੁਤੰਤਰ ਹੈ। "ਨੀਚਹ ਊਚ ਕਰੈ ਮੇਰਾ ਗੋਬਿੰਦ, ਕਾਹੂ ਤੇ ਨਾ ਡਰੈ" (੧੧੦੬) ਵਾਲੀ ਨੂਰੀ ਸੁਤੰਤਰਤਾ ਨਾਨਕ ਪੀਰ ਦਾ ਸੁਭਾਉ ਬਣ ਚੁਕਿਆ ਸੀ।

ਸ੍ਰੀ ਕਰਤਾਰਪੁਰ ਧਰਮਸਾਲ ਦੇ ਅਨੇਕਾਂ ਸੇਵਾਦਾਰਾਂ ਵਿਚੋਂ ਭਾਈ ਲਹਿਣਾ ਜੀ ਨੂੰ ਨਾਨਕ ਪੀਰ ਨੇ ਜਦੋਂ ਪੀਰੀ ਤਿਲਕ ਦੇ ਕੇ ਨਮਸਕਾਰ ਕੀਤੀ ਤੇ ਉਮਤ ਨੂੰ ਸ੍ਰੀ ਗੁਰੂ ਅੰਗਦ ਦੇਵ (ਭਾਈ ਲਹਿਣਾ) ਨੂੰ ਨਾਨਕ ਪੀਰ ਕਰਕੇ ਮੰਨਣ ਦਾ ਆਦੇਸ਼ ਦਿੱਤਾ ਤਾਂ ਉਮਤ ਹੈਰਾਨ ਰਹਿ ਗਈ। ਇਸ ਦਾ ਮਨੋ-ਵਿਗਿਆਨਕ ਵਿਸ਼ਲੇਸ਼ਣ ਭਾਈ ਸੱਤਾ ਤੇ ਬਲਵੰਡ ਆਪਣੀ ਵਾਰ ਵਿਚ ਇਉਂ ਕਰਦੇ ਹਨ :–

ਹੋਰਿਓ ਗੰਗ ਵਹਾਈਐ, ਦੁਨਿਆਈ ਆਖੈ ਕਿ ਕਿਓਨੁ ॥੪॥ [ਪੰਨਾ ੯੬੭

ਭਾਵ :–ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੇ ਹਿੰਦੂ ਡੇਰੇਦਾਰੀ ਦੀ ਮੰਨੀ ਪ੍ਰਮੰਨੀ ਉਤਰ-ਅਧਿਕਾਰੀ ਨਿਸਚਿਤ ਕਰਨ ਦੀ ਮਰਯਾਦਾ ਦੇ ਉਲਟ ਆਪਣੇ ਪੁਤਰਾਂ ਨੂੰ ਛਡ ਕੇ ਸ੍ਰੀ ਲਹਿਣਾ ਜੀ ਨੂੰ ਆਪਣੀ ਥਾਂ ਗੁਰ-ਗਦੀ ਸੌਂਪੀ। ਭਾਈ ਲਹਿਣਾ ਜੀ ਨੇ ਸਤ ਸਾਲ ਸ੍ਰੀ ਕਰਤਾਰਪੁਰ ਵਿਖੇ ਨਾਨਕ ਪੀਰ ਦੀ ਤ ਸਿੱਖ ਸੰਗਤਾਂ ਦੀ ਹਰ ਪ੍ਰਕਾਰ ਦੀ ਸੇਵਾ ਕੀਤੀ। ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਹੁਣ ਤਕ ਭਾਈ ਲਹਿਣਾ ਜੀ ਨੂੰ ਆਪਣੇ ਘਰ ਦਾ ਅਦਨਾ ਸੇਵਕ ਸਮਝਦੇ ਸਨ। ਗੁਰੂ ਅੰਗਦ ਦੇਵ ਜੀ ਨੇ ਭੀ ਆਪਣੇ ਪੁਤਰਾਂ ਨੂੰ ਛੱਡ ਕੇ ਆਪਣੇ ਸਭ ਤੋਂ ਪਿਆਰੇ ਸੇਵਕ ਸ੍ਰੀ ਗੁਰੂ ਅਮਰਦਾਸ ਜੀ ਨੂੰ ਨਾਨਕ ਜੋਤਿ ਨਾਲ ਸਰਸ਼ਾਰ ਕੀਤਾ। ਭਾਈ ਦਾਤੂ ਜੀ ਤੇ ਦਾਸੂ ਜੀ ਨੇ, ਜੋ ਅੰਗਦ ਦੇਵ ਜੀ ਦੇ ਸਾਹਿਬਜ਼ਾਦੇ ਸਨ, ਪਿਤਾ ਸਤਿਗੁਰੂ ਦੀ ਆਪਣੇ ਉਤਰਾਧਿਕਾਰੀ ਦੀ ਚੋਣ ਕਰਨ ਨੂੰ ਵੰਗਾਰਿਆ ਸੀ, ਜਿਵੇਂ ਬਾਬਾ ਸ੍ਰੀ ਚੰਦ ਜੀ ਨੇ ਵੰਗਾਰ ਕੇ ਨਵੀਂ ਸੰਪਰਦਾਇ ਉਦਾਸੀ ਪੰਥ ਚਲਾਇਆ ਸੀ। ਪਰ ਦਾਸੂ ਜੀ ਨੂੰ ਕੋਈ ਕਾਮਯਾਬੀ ਨਹੀਂ ਹੋਈ। ਉਦਾਸੀ ਸੰਪਰਦਾ ਰੋਲਾ-ਰੱਪਾ ਪਾਉਂਦੀ ਰਹੀ, ਗੁਰੂ ਗੱਦੀ ਤੇ ਆਪਣਾ ਅਧਿਕਾਰ ਜਤਾਂਦੀ ਰਹੀ। ਗੁਰੂ ਅਮਰਦਾਸ ਜੀ ਨੂੰ ਆਖ਼ਰ ਇਕ ਐਲਾਨ ਕਰਨਾ ਪਿਆ ਕਿ ਜੋ ਉਦਾਸੀ ਭੇਖ ਧਾਰਨ ਕਰੇਗਾ ਉਹ ਗੁਰੂ ਨਾਨਕ ਦਾ ਸਿੱਖ ਨਹੀਂ ਹੋਵੇਗਾ। ਇਉਂ ਨਾਨਕ ਪੰਥ ਦੇ ਅੰਦਰੋਂ ਉਠ ਰਹੇ ਵਿਰੋਧ ਨੂੰ ਠਲ੍ਹ ਪਈ। ਗੁਰੂ ਰਾਮਦਾਸ ਜੀ ਦੇ ਪੁੱਤਰ ਪ੍ਰਿਥੀ ਚੰਦ ਨੇ ਭੀ ਨਾਨਕ ਪੀਰ



www.AKJ.Org

ਦਾ ਪੰਜਵੇਂ ਜਾਮੇ ਵਿਚ ਡਟ ਕੇ ਵਿਰੋਧ ਕੀਤਾ। ਆਰਥਕ ਨਾਕਾਬੰਦੀ ਕੀਤੀ ਤੇ ਰਾਜ-ਦਰਬਾਰੇ ਗੁਰੂ ਅਰਜਨ ਦੇਵ ਜੀ ਵਿਰੁੱਧ ਝੂਠੀਆਂ ਸ਼ਿਕਾਇਤਾਂ ਕੀਤੀਆਂ ਤੇ ਰਾਜ ਨੂੰ ਨਾਨਕ ਪੰਥ ਦਾ ਵਿਰੋਧੀ ਬਣਾਇਆ। ਚਾਹੇ ਰਾਜ ਵਿਰੋਧੀ ਹੋ ਗਿਆ ਜਾਂ ਗੁਰੂ ਅਰਜਨ ਦੇਵ ਜੀ ਆਪ ਭੀ ਸ਼ਹੀਦ ਕੀਤੇ ਗਏ, ਪਰ ਪੀਰੀ ਦੀ ਇਹ ਪ੍ਰਭੂ-ਸੱਤਾ ਕਿ ਉਤਰਾਧਿਕਾਰੀ ਦੀ ਚੋਣ ਕਰਨ ਦਾ ਅਧਿਕਾਰ ਕੇਵਲ ਨਾਨਕ ਪੀਰ ਨੂੰ ਹੀ ਹੈ, ਇਸ ਨੂੰ ਵੰਡ ਕੇ ਵਰਤਿਆ ਨਹੀਂ ਜਾ ਸਕਦਾ। ਇਹ ਅਖੰਡ ਅਧਿਕਾਰ ਨਿਰੰਤਰ ਚਲਦਾ ਆਇਆ ਹੈ। ਔਰੰਗਜ਼ੇਬ ਨੇ ਨਾਨਕ ਪੀਰ ਦੇ ਇਸ ਵਿਸ਼ੇਸ਼ ਅਧਿਕਾਰ (Prerogative) ਨੂੰ ਖੋਹਣ ਦਾ ਕੋਝਾ ਯਤਨ ਉਦੋਂ ਕੀਤਾ ਜਦੋਂ ਗੁਰੂ ਘਰ ਦਾ ਇਕ ਬਾਗ਼ੀ ਸਾਹਿਬਜ਼ਾਦਾ ਰਾਮਰਾਏ ਉਸ ਪਾਸ ਫ਼ਰਯਾਦ ਲੈ ਕੇ ਪੁੱਜਾ ਸੀ ਕਿ "ਮੇਰੇ ਪਿਤਾ ਗੁਰੂ ਹਰਿ ਰਾਏ ਜੀ ਨਾਨਕ ਪੀਰ ਦੀ ਸਤਵੀਂ ਗੱਦੀ ਤੇ ਬਿਰਾਜਮਾਨ ਹਨ। ਉਨ੍ਹਾਂ ਨੇ ਮੈਨੂੰ ਛੱਡ ਕੇ ਮੇਰੇ ਛੋਟੇ ਅੱਠ ਵਰ੍ਹਿਆਂ ਦੇ ਵੀਰ ਹਰਿਕ੍ਰਿਸ਼ਨ ਨੂੰ ਗੁਰੂ ਬਣਾ ਦਿਤਾ ਹੈ। ਕੀ ਛੋਟੇ ਜਿਹੇ ਬਾਲਕ ਨੂੰ ਨਾਨਕ ਪੀਰ ਮੰਨ ਕੇ ਸਾਰੀ ਨਾਨਕ ਪੀਰ ਦੀ ਉਮਤ ਨੂੰ ਉਸ ਦੇ ਪਿਛੇ ਲਾਉਣਾ ਉਚਿਤ ਹੈ? ਹੱਕ ਮੇਰਾ ਹੈ, ਮੈਨੂੰ ਦਿਵਾਇਆ ਜਾਏ।"

ਔਰੰਗਜ਼ੇਬ ਨੇ ਨਾਨਕ ਪੀਰ ਦੇ ਪੰਥਕ ਮਾਮਲਿਆਂ ਵਿਚ ਦਖ਼ਲ ਦੇਣ ਦਾ ਇਸ ਲਈ ਮਨ ਬਣਾ ਲਿਆ ਕਿਉਂਕਿ ਉਸ ਨੂੰ ਪੂਰਾ ਭਰੋਸਾ ਸੀ ਕਿ ਰਾਮਰਾਏ ਵਰਗੇ ਪੰਥ ਦੇ ਆਗੂ ਨੂੰ ਉਹ ਰਾਜ ਦੇ ਮਨੋਰਥਾਂ ਲਈ ਵਰਤ ਸਕੇਗਾ। ਧੰਨ ਸ੍ਰੀ ਗੁਰੂ ਹਰਿ ਰਾਏ ਸਾਹਿਬ, ਜਿਨ੍ਹਾਂ ਨੇ ਆਪਣੇ ਸਾਹਿਬਜ਼ਾਦੇ ਨੂੰ ਨਾਨਕ ਪੰਥ ਦੇ ਦੋਖੀਆਂ ਦੇ ਵਾਰ ਤੋਂ ਬਚਾਉਣ ਲਈ ਪਹਿਲਾਂ ਹੀ ਬੇਦਖ਼ਲ ਕਰ ਦਿਤਾ ਸੀ। ਅਜ ਵੀ ਗੁਰੂ ਘਰ ਦੀ ਮਰਯਾਦਾ ਹੈ ਕਿ ਰਾਮਰਾਈਆਂ ਜਾਂ ਮੀਣੇ-ਸੰਢੀਆਂ ਨਾਲ ਨਹੀਂ ਵਰਤਣਾ। ਵਿਚਾਰ ਕਰਨ ਵਾਲੀ ਗੱਲ ਹੈ ਕਿ ਜੇ ਔਰੰਗਜ਼ੇਬ ਆਪਣੀ ਸਿਆਸੀ ਤਾਕਤ ਵਰਤ ਕੇ ਰਾਮਰਾਏ ਨੂੰ ਨਾਨਕ ਪੰਥ ਦਾ ਗੁਰੂ ਥਾਪ ਦੇਂਦਾ, ਤਾਂ ਸਿੱਖੀ ਦਾ ਸਰੂਪ ਹੀ ਹੋਰ ਹੁੰਦਾ, ਸਿਖ ਇਤਿਹਾਸ ਦਾ ਸਰੂਪ ਹੀ ਹੋਰ ਹੁੰਦਾ। ਪਰ ਇੰਝ ਉਹ ਕਰ ਨਹੀਂ ਸਕਿਆ। ਅਠ ਬਰਸ ਦੇ ਨਾਨਕ ਪੀਰ ਨੇ ਔਰੰਗਜ਼ੇਬ ਦੀ ਸਿਆਸੀ ਚਾਲ ਉਦੋਂ ਹੀ ਭਾਂਪ ਲਈ ਸੀ ਜਦੋਂ ਉਨ੍ਹਾਂ ਨੂੰ ਦਿੱਲੀ ਦੇ ਮੁਗਲੇ ਆਜ਼ਮ ਦਾ ਸੱਦਾ ਆਇਆ ਸੀ। ਆਪ ਰਾਜਪੂਤ ਰਾਜਾ ਜਸਵੰਤ ਸਿੰਘ ਦੇ ਮਹਿਮਾਨ ਬਣ ਕੇ ਦਿੱਲੀ ਬੰਗਲਾ ਸਾਹਿਬ ਵਿਖੇ ਰਹੇ, ਪਰ ਔਰੰਗਜ਼ੇਬ ਨੂੰ ਮਿਲਣ ਨਹੀਂ ਗਏ। ਆਪਣੀ ਪ੍ਰਭੂ-ਸੱਤਾ ਦੀ ਮਾਨ-ਮਰਯਾਦਾ ਨੂੰ ਕਾਇਮ ਰਖਿਆ। ਛੇਤੀਂ ਜੋਤੀ-ਜੋਤਿ ਸਮਾ ਗਏ ਤੇ ਇਸ਼ਾਰੇ ਨਾਲ ਸਮਝਾ ਗਏ, ਹੁਣ ਨਾਨਕ ਪੀਰ "ਬਾਬਾ ਬਕਾਲੇ" ਵਿਖੇ ਮਿਲੇਗਾ।

ਔਰੰਗਜ਼ੇਬ ਲਈ ਤੇ ਰਾਮਰਾਏ ਲਈ ਇਹ ਬੜਾ ਸੁਨਹਿਰੀ ਮੌਕਾ ਸੀ ਕਿ ਉਹ ਨਾਨਕ ਪੀਰ ਦੀ ਪ੍ਰਭੂ-ਸਤਾ ਨੂੰ ਇਕ ਪਾਸੇ ਰੱਖ ਕੇ ਨਾਨਕ ਪੰਥ ਤੇ ਕਬਜ਼ਾ ਕਰ ਲੈਂਦੇ, ਪਰ ਨਾਨਕ ਪੀਰ ਨੇ ਦੋਹਾਂ ਨੂੰ ਕੋਈ ਕੋਝੀ ਹਰਕਤ ਨਹੀਂ ਕਰਨ ਦਿਤੀ।

ਰਾਮਰਾਏ ਸਿਖ ਸੰਗਤਾਂ ਦੀਆਂ ਨਜ਼ਰਾਂ ਵਿਚ ਆਪਣਾ ਵਕਾਰ ਖੋਹ ਚੁਕਾ ਸੀ। ਔਰੰਗਜ਼ੇਬ ਨੇ ਵੀ ਡੁਬਦੀ ਬੇੜੀ ਵਿਚ ਸਵਾਰ ਹੋਣਾ ਮੁਨਾਸਬ ਨਾ ਸਮਝਿਆ, ਪਰ ਨਾਨਕ ਪੀਰ ਦੇ ਪੰਥ ਨੂੰ ਹਰ ਤਰ੍ਹਾਂ ਉਹ ਕਮਜ਼ੋਰ ਦੇਖਣਾ ਤੇ ਕਰਨਾ ਚਾਹੁੰਦਾ ਸੀ, ਤਾਂ ਕਿ ਉਹ ਅਗੇ ਚਲ ਕੇ ਉਸ ਲਈ ਕੋਈ ਖ਼ਤਰਾ ਸਾਬਤ ਨਾ ਹੋਵੇ। ਅਠਵੇਂ ਬਾਲਾ ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾ ਜਾਣ ਪਿਛੋਂ ਇਕ ਅਨਿਸਚਿਤ ਜਿਹਾ ਵਾਤਾਵਰਣ ਪੈਦਾ ਹੋ ਗਿਆ ਸੀ। ਸ਼ਾਹ ਨੇ ਭੀ ਸਿੱਖ ਸੰਗਤਾਂ ਨੂੰ ਇਸ ਭਟਕਣ ਵਿਚ ਭੰਬਲਭੂਸੇ ਖਾਣ ਲਈ ਛੱਡ ਦਿਤਾ। ਉਧਰ ਬਕਾਲੇ ਵਿਖੇ ਆਪਹੁਦਰੇ ਸੋਢਬੰਸ ਦੇ ੨੨ ਸਾਹਿਬਜ਼ਾਦਿਆਂ ਨੇ ਇਸ ਪ੍ਰਭੂ-ਸਤਾ ਨੂੰ ਵੰਗਾਰਨ ਹਿਤ ਆ ਦੁਕਾਨਾਂ ਚਮਕਾਈਆਂ। ਭਾਵੇਂ ਸ੍ਰੀ ਗੁਰੂ ਹਰਿ ਰਾਏ ਦੇ ਮਹਿਲ ਕ੍ਰਿਸ਼ਨ ਕੌਰ ਤੇ ਨਾਨਕ ਪੰਥ ਦੇ ਕੁਝ ਪਤਵੰਤੇ ਸੱਜਣਾਂ ਨੇ, ਜਿਨ੍ਹਾਂ ਵਿਚ ਬਾਬਾ ਬੁੱਢਾ ਜੀ ਦੇ ਵਡੇ ਸਾਹਿਬਜ਼ਾਦੇ ਸ਼ਾਮਲ ਸਨ, ਨੇ ਗੁਰੂ ਤੇਗ ਬਹਾਦਰ ਜੀ ਨੂੰ



www.AKJ.Org

੨੦ ਮਾਰਚ ੧੬੬੫ ਈਸਵੀ ਨੂੰ ਤਿਲਕ ਦੇ ਦਿਤਾ ਸੀ। ਮਖਣਸ਼ਾਹ ਨੇ ਲੱਭ ਕੇ ਸਤਿਗੁਰਾਂ ਨੂੰ ਤਿਲਕ ਨਹੀਂ ਦਿਵਾਇਆ। ਸੰਗਤਾਂ ਵਿਚ ਢੰਡੋਰਾ ਦਿਤਾ ਤੇ ਬਕਾਲੇ ਵਿਖੇ ਬਣੇ ਖਿਚ-ਖਿਚਾਓ ਵਾਲੇ ਵਾਤਾਵਰਣ ਨੂੰ ਸਾਫ਼ ਕੀਤਾ। ਧੀਰ ਮਲ ਨੇ ਤਾਂ ਇਸ ਚੋਣ ਦਾ ਵਿਰੋਧ ਕਰਨ ਲਈ ਹਮਲਾ ਵੀ ਕੀਤਾ ਤੇ ਸਤਿਗੁਰਾਂ ਤੇ ਗੋਲੀ ਵੀ ਚਲਾਈ, ਪਰ ਗੁਰੂ ਤੇਗ ਬਹਾਦਰ ਸਾਹਿਬ ਅਡੋਲ ਰਹੇ। ਆਪ ਨੇ ਨਾਨਕ ਪੀਰ ਦੀ ਹਰ ਪਰੰਪਰਾ ਤੇ ਮਰਯਾਦਾ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾਇਆ।

ਨਾਨਕ ਪੰਥ ਵਿਚ ਗੁਰ-ਗੱਦੀ ਤੇ ਬੈਠਣ ਵਾਲੇ ਉਤਰਾਧਿਕਾਰੀਆਂ ਦੀ ਚੋਣ ਸਦਾ ਇਕ ਨੂਰੀ ਕ੍ਰਿਸ਼ਮਾ ਹੀ ਰਿਹਾ ਹੈ। ਗੁਰੂ ਘਰ ਦੇ ਅਨੇਕਾਂ ਸਾਹਿਬਜ਼ਾਦੇ ਆਤਮਕ ਅਡੋਲਤਾ ਦੀ ਅਵਸਥਾ ਨੂੰ ਪ੍ਰਾਪਤ ਨਹੀਂ ਹੋਏ ਸਨ। ਐਸੇ ਵਿਅਕਤੀਆਂ ਨੇ ਗੁਰ-ਗੱਦੀ ਤੇ ਜਬਰਨ ਕਬਜ਼ਾ ਕਰ ਕੇ ਨਾਨਕ ਪੰਥ ਦਾ ਸੋਸ਼ਣ ਕਰਨ ਦਾ ਕਈ ਵਾਰ ਯਤਨ ਕੀਤਾ ਸੀ, ਪਰ ਕਦੀ ਕਾਮਯਾਬ ਨਹੀਂ ਹੋਏ। ਇਸ ਕਿਸਮ ਦੇ ਝਗੜਿਆਂ ਝੰਬੇਲਿਆਂ ਤੋਂ ਦੂਰ ਰਹਿ ਕੇ ਅਕਾਲ ਪੁਰਖ ਦਾ ਪਰਚਾਰ ਕਰਨਾ ਲੰਬੀ ਸੂਝ ਦਾ ਸੂਚਕ ਹੈ। ਵਿਰੋਧੀਆਂ ਨੇ ਝਗੜਿਆਂ ਵਿਚ ਉਲਝਾਉਣ ਦਾ ਯਤਨ ਕੀਤਾ, ਪਰ ਨੌਵੇਂ ਨਾਨਕ ਪੀਰ ਸਦਾ ਇਹਨਾਂ ਤੋਂ ਉਪਰ ਰਹੇ ਹਨ।

ਸ੍ਰੀ ਕਰਤਾਰਪੁਰ ਤੋਂ ਦੂਜੇ ਨਾਨਕ ਨੇ ਖਡੂਰ ਸਾਹਿਬ ਜਾ ਕੇ ਜੋਤਿ ਜਗਾਈ, ਸਤਿਗੁਰਾਂ ਦੇ ਹੁਕਮ ਅਨੁਸਾਰ। ਇਹ ਕਿਸੇ ਤੌਖਲੇ ਦੇ ਪ੍ਰਭਾਵ ਹੇਠ ਭਜਣ ਦਾ ਯਤਨ ਨਹੀਂ ਸੀ, ਸਗੋਂ ਸਤਿਗੁਰਾਂ ਦਾ ਹੁਕਮ ਮੰਨ ਕੇ ਅਕਾਲ ਪੁਰਖ ਦੇ ਨਾਮ ਦਾ ਪਰਚਾਰ ਕਰਨ ਦੇ ਕੰਮ ਨੂੰ ਪਹਿਲ ਦੇਣਾ ਮਨੋਰਥ ਸੀ। ਦੇਖਣ ਵਿਚ ਆਇਆ ਹੈ ਕਿ ਗੁਰੂ ਦੇ ਵਿਰੋਧੀ ਆਮ ਤੌਰ ਤੇ ਸਥਾਨ ਛੱਡ ਕੇ ਕਿਤੇ ਨਹੀਂ ਗਏ, ਇਸ ਲਈ ਸ਼ੁਰੂ ਤੋਂ ਹੀ ਇਹ ਗੱਲ ਬੜੀ ਕਾਮਯਾਬ ਰਹੀ ਹੈ ਕਿ ਸਥਾਨ ਦੀ ਤਬਦੀਲੀ ਕਰਨ ਨਾਲ ਵਿਰੋਧ ਸਥਾਨਕ ਰਹਿ ਜਾਂਦਾ ਰਿਹਾ ਹੈ। ਇਉਂ ਤੀਜੇ ਸਤਿਗੁਰਾਂ ਨੂੰ ਤਿਲਕ ਭਾਵੇਂ ਖਡੂਰ ਸਾਹਿਬ ਦਿਤਾ ਗਿਆ ਸੀ, ਪਰ ਜੋਤਿ ਗੋਇੰਦਵਾਲ ਜਾ ਜਗਾਈ। ਚੌਥੇ ਸਤਿਗੁਰਾਂ ਨੂੰ ਤਿਲਕ ਭਾਵੇਂ ਗੋਇੰਦਵਾਲ ਦਿੱਤਾ ਗਿਆ, ਪਰ ਜੋਤਿ ਸ੍ਰੀ ਰਾਮਦਾਸਪੁਰ ਹੀ ਜਗਾਈ ਗਈ। ਪੰਜਵੇਂ ਸਤਿਗੁਰਾਂ ਦਾ ਜੋ ਘਰੋਗੀ ਵਿਰੋਧ ਹੋਇਆ, ਉਹ ਬੜਾ ਭਿਆਨਕ ਸੀ। ਪਰ ਸ੍ਰੀ ਅੰਮ੍ਰਿਤਸਰ ਨਗਰ ਦੀ ਉਸਾਰੀ, ਸ੍ਰੀ ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਜਿਹੇ ਮਹਾਨ ਕਾਰਜਾਂ ਨੇ ਸਤਿਗੁਰੂ ਜੀ ਨੂੰ ਕਿਤੇ ਹੋਰ ਨਹੀਂ ਜਾਣ ਦਿਤਾ। ਭਾਵੇਂ ੧੫੮੧ ਈਸਵੀ ਤੋਂ ੧੬੦੬ ਈਸਵੀ ਤਕ ਦੇ ੨੫ ਸਾਲ ਦੇ ਗੁਰਿਆਈ ਕਾਲ ਅੰਦਰ ਕੇਂਦਰ ਸ੍ਰੀ ਅੰਮ੍ਰਿਤਸਰ ਹੀ ਰਖਿਆ ਹੈ, ਪਰ ਇਸ ਸਮੇਂ ਦੇ ਦੌਰਾਨ ਕਈ ਨਵੇਂ ਨਗਰ ਭੀ ਬਣਵਾਏ, ਸ੍ਰੀ ਤਰਨ ਤਾਰਨ, ਸ੍ਰੀ ਕਰਤਾਰਪੁਰ ਸਾਹਿਬ (ਜਲੰਧਰ ਲਾਗੇ); ਸ੍ਰੀ ਹਰਿਗੋਬਿੰਦਪੁਰ, ਬਾਉਲੀ ਸਾਹਿਬ ਲਾਹੌਰ। ੧੫੯੦ ਤੋਂ ੧੬੦੦ ਈਸਵੀ ਤਕ ਲਾਗੇ ਦੇ ਪਿੰਡਾਂ ਵਿਚ ਪਰਚਾਰ ਦੌਰੇ ਕੀਤੇ ਤੇ ਨਾਨਕ ਪੰਥ ਵਿਚ ਅਨੇਕਾਂ ਪ੍ਰਾਣੀਆਂ ਨੂੰ ਪ੍ਰੇਰ ਪ੍ਰੇਰ ਕੇ ਲਿਆਂਦਾ। ਫਿਰ ਸ਼ਹੀਦੀ ਹੋਈ। ਗੁਰੂ ਹਰਿਗੋਬਿੰਦ ਜੀ ਨੇ ਰਾਜਸੀ ਵਿਰੋਧ ਕਾਰਨ ਅਸਥਾਨ ਬਦਲੀ ਕਰਨਾ ਜ਼ਿਆਦਾ ਉਚਿਤ ਸਮਝਿਆ। ਵਿਰੋਧ ਕਾਫ਼ੀ ਦਬ ਗਿਆ ਸੀ। ਕੀਰਤਪੁਰ ਤੋਂ ਬਾਬਾ ਬਕਾਲੇ ਜਦੋਂ ਨਾਨਕ ਪੀਰ ਦੀ ਜੋਤਿ ਜਗੀ ਤਾਂ ਸਥਾਨਕ ਵਿਰੋਧ ਦਾ ਹੜ ਆ ਗਿਆ ਸੀ। ਪੀਰ ਨੇ ਕਦੀ ਥਾਂ ਜਾਂ ਮਲਕੀਅਤ ਤੇ ਦਾਅਵਾ ਨਹੀਂ ਬੰਨ੍ਹਿਆ। ਗੁਰੂ ਤੇਗ ਬਹਾਦਰ ਸਭ ਕੁਝ ਛਡ ਕੇ, ਇਥੋਂ ਤਕ ਕਿ ਪੰਚਮ ਸਤਿਗੁਰਾਂ ਦੀ ਸੰਪਾਦਤ ਕੀਤੀ ਬੀੜ ਭੀ ਧੀਰਮਲ ਦੇ ਹਵਾਲੇ ਕਰ ਕੇ ਆਪ ਮਾਖੋਵਾਲ ਸ੍ਰੀ ਅਨੰਦਪੁਰ ਸਾਹਿਬ ਆ ਬਿਰਾਜੇ। ਨਵਾਂ ਨਗਰ ਉਸਾਰਿਆ, ਨਵੀਂ ਸੰਗਤ ਕਾਇਮ ਕੀਤੀ। ਵਿਰੋਧ ਦੀਆਂ ਕੌੜੀਆਂ ਵੇਲਾਂ ਪਿਛੇ ਰਹਿ ਗਈਆਂ। ਜਿਥੇ ਨਾਨਕ ਪੀਰ ਰਹਿੰਦਾ, ਉਥੇ ਉਥੇ ਸਿੱਖ ਭੌਰੇ ਆਣ ਮਿਲਦੇ। ਹੰਸਾਂ ਨੇ ਹੀਰਾ ਮੋਤੀ ਚੁਗਣਾ ਹੁੰਦਾ ਹੈ। ਬਗਲੇ ਨੇ ਡੱਡੂ ਖਾਣੇ ਹੁੰਦੇ ਹਨ। ਮੁਕਦੀ ਗੱਲ ਇਹ ਕਿ ਸੰਸਾਰਕ ਵਿਰੋਧ ਦਾ ਮਨੋਰਥ ਧਰਮ ਦੇ ਨਾਮ ਤੇ ਲੁਟ ਖਸੁਟ ਕਰਨਾ ਹੈ, ਜਿਸ ਨੂੰ ਨਾਨਕ ਪੀਰ ਨੇ ਕਦੀ ਨੇੜੇ ਨਾਂਹ ਆਉਣ ਦਿਤਾ।



www.AKJ.Org

ਸ੍ਰੀ ਅਨੰਦਪੁਰ ਸਾਹਿਬ ਹੀ ਦਸਵੇਂ ਨਾਨਕ ਪੀਰ ਨੂੰ ਤਿਲਕ ਦਿਤਾ ਗਿਆ। ਹੁਣ ਗੁਰੂ ਗਦੀ ਦੇ ਦਾਅਵੇਦਾਰ ਇਸ ਲਈ ਪ੍ਰਗਟ ਨਹੀਂ ਹੋਏ, ਕਿਉਂਕਿ ਉਨ੍ਹਾਂ ਨੂੰ ਦਿਲੀ ਦੇ ਮੀਰ ਔਰੰਗਜ਼ੇਬ ਦੀ ਨਾਨਕ ਪੰਥ ਤੇ ਕਹਿਰੀ ਨਜ਼ਰ ਦਾ ਚੰਗੀ ਤਰ੍ਹਾਂ ਪਤਾ ਲਗ ਚੁੱਕਾ ਸੀ। ਪੀਰੀ ਬਾਰੇ ਜੋ ਧਾਰਨਾ ਕਈ ਦਾਅਵੇਦਾਰ ਬਣਾਈ ਬੈਠੇ ਸਨ, ਕਿ ਇਹ ਤਾਂ ਫੁਲਾਂ ਦੀ ਸੇਜ ਹੈ ਤੇ ਮਖਣ ਮਲਾਈਆਂ ਦਾ ਘਰ ਹੈ, ਉਹ ਹੁਣ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਵੇਖ ਕੇ ਸੋਚੀਂ ਪੈ ਗਏ ਸਨ ਕਿ ਕੀ ਅਜਿਹੀ ਪੀਰੀ ਲਈ ਹੱਥ ਪੈਰ ਮਾਰਨ ਦਾ ਕੋਈ ਲਾਭ ਭੀ ਹੈ ? ਹੁਣ ਤਾਂ ਉਹੀ ਪੀਰੀ ਦੀ ਗਦੀ ਤੇ ਬੈਠੇ ਜੋ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਹੋਵੇ। ਦਸਵੇਂ ਗੁਰੂ ਨੂੰ ਤਿਲਕ ਦੇਣ ਲਗਿਆਂ ਕਿਸੇ ਨੇ ਆਪਣਾ ਹੱਕ ਨਹੀਂ ਜਤਲਾਇਆ। ਨਾਨਕ ਪੀਰ ਦੀ ਇਹ ਪ੍ਰਭੂ-ਸੱਤਾ ਕਾਇਮ ਰਹੀ ਕਿ ਉਤਰਾਧਿਕਾਰੀ ਦੀ ਚੋਣ ਨਾਨਕ ਪੀਰ ਆਪ ਹੀ ਕਰਦਾ ਰਿਹਾ ਹੈ। ਦਸਵੇਂ ਨਾਨਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਨਾਨਕ ਪੀਰ ਦਾ ਸ਼ਬਦ ਸਰੂਪ ਹੈ, ਅਗੇ ਮੱਥਾ ਟੇਕ ਕੇ ਸਮੁੱਚੀ ਉੱਮਤ ਨੂੰ ਸੀਸ ਨਿਵਾਉਣ ਦਾ ਆਦੇਸ਼ ਦਿਤਾ। ਨਾਨਕ ਗੁਰੂ ਗੋਬਿੰਦ ਸਿੰਘ ਤਕ ਇਕ ਪੂਰਨ ਚੱਕਰ ਪੂਰਾ ਹੋ ਗਿਆ ਸੀ। ਨਾਨਕ ਪੀਰ ਸਰੀਰਕ ਜਾਮੇ ਤੋਂ ਜੋਤਿ ਜਾਮੇ ਵਿਚ ਤੇ ਸ਼ਬਦ ਜਾਮੇ ਵਿਚ ਅੱਜ ਭੀ ਪੰਜੇ ਤਖ਼ਤਾਂ ਤੇ ਜਗਮਗ ਜਗਮਗ ਪ੍ਰਕਾਸ਼ਮਾਨ ਹੈ ਅਤੇ ਪੂਰਨ ਅਡੋਲ ਪ੍ਰਭੂ-ਸਤਾ ਸੰਪੰਨ ਹੈ।

ਸਤਿਗੁਰੁ ਧਰਤੀ ਧਰਮ ਹੈ, ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥
ਗੁਰਸਿਖੀ ਅੰਮ੍ਰਿਤੁ ਬੀਜਿਆ, ਤਿਨ ਅੰਮ੍ਰਿਤ ਫਲੁ ਹਰਿ ਪਾਏ ॥੧॥੭॥
(ਗਉੜੀ ਕੀ ਵਾਰ ਮਹਲਾ ੪; ਪੰਨਾ ੩੦੨)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਨਕ ਪੀਰ ਵਾਲੀ ਪੂਰਨ ਪ੍ਰਭੂ-ਸੱਤਾ ਅਜ ਭੀ ਕਾਇਮ ਹੈ। ਪਰ ਇਸ ਦਾ ਅਹਿਸਾਸ ਉਨ੍ਹਾਂ ਨੂੰ ਹੁੰਦਾ ਹੈ ਜੋ ਗੁਰੂ ਦੇ ਸ਼ਬਦ ਨੂੰ ਗੁਰੂ ਮੰਨਦੇ ਹਨ। ਸੰਸਾਰ ਦੇ ਬਾਕੀ ਧਰਮਾਂ ਦੇ ਗ੍ਰੰਥ ਕੇਵਲ ਗ੍ਰੰਥ ਹੀ ਆਖੇ ਜਾਂਦੇ ਹਨ ਤੇ ਉਨ੍ਹਾਂ ਦਾ ਗ੍ਰੰਥ ਦੇ ਤੌਰ ਤੇ ਸਤਿਕਾਰ ਹੀ ਹੁੰਦਾ ਹੈ, ਪਰ ਮੀਰੀ ਸਤਿਕਾਰ ਜਾਂ ਗੁਰੂ ਪਦਵੀ ਵਾਲਾ ਸਤਿਕਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਦਿੱਤਾ ਜਾਂਦਾ ਹੈ। ਇਨ੍ਹਾਂ ਦੇ ਪ੍ਰਕਾਸ਼ ਕਰਨ ਤੇ ਸੁਖਆਸਨ ਕਰਨ ਦੀ ਖ਼ਾਸ ਮਰਯਾਦਾ ਕਾਇਮ ਹੋ ਚੁੱਕੀ ਹੈ। ਜਿਥੇ ਆਪ ਦਾ ਪ੍ਰਕਾਸ਼ ਹੁੰਦਾ ਹੈ, ਉਹ ਥਾਂ ਰੋਜ਼ਾਨਾ ਸਵੱਛ ਸਾਫ ਕਰ ਕੇ ਚੰਦੋਏ ਹੇਠਾਂ ਸੋਹਣੇ ਰੁਮਾਲੇ ਸਜਾ ਕੇ ਸਿੰਘਾਸਨ ਸਜਾਇਆ ਜਾਂਦਾ ਹੈ। ਉਪਰ ਚੌਰ ਕਰਨ ਦੀ ਮਰਯਾਦਾ ਹੈ। ਇਹ ਸਾਰੀ ਮਰਯਾਦਾ ਪੰਜਵੇਂ ਸਤਿਗੁਰੂ ਜੀ ਨੇ ਸਿੱਖਾਂ ਨੂੰ ਆਪ ਸਿਖਾਈ, ਜੋ ਹੁਣ ਤਕ ਸੀਨਾ-ਬ-ਸੀਨਾ ਚਲੀ ਆਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੀਰੀ ਦੀ ਆਭਾ ਦੇ ਦਰਸ਼ਨ ਕਰਨੇ ਹੋਣ ਤਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਅੰਮ੍ਰਿਤ ਵੇਲੇ ਆਪ ਦੇ ਪ੍ਰਕਾਸ਼ਮਾਨ ਹੋਣ ਦੇ ਦ੍ਰਿਸ਼ ਦੇਖਣ ਯੋਗ ਹਨ, ਜਿਸ ਤੋਂ ਮਨ ਵਿਚ ਇਕ ਪਰਤੀਤ ਬਝਦੀ ਹੈ ਕਿ ਸਚਮੁਚ ਨਾਨਕ ਪੀਰ ਦੀ ਪ੍ਰਭੂ-ਸੱਤਾ ਉਵੇਂ ਕਿਵੇਂ ਕਾਇਮ ਹੈ। ਨਾਨਕ ਪੀਰ ਦੇ ਸ਼ਬਦ ਸਰੂਪੀ ਦੀਦਾਰੇ ਮਨ ਤੇ ਡੂੰਘਾ ਪ੍ਰਭਾਵ ਪਾਉਂਦੇ ਹਨ।

ਨਾਨਕ ਪੀਰ ਦੀ ਪ੍ਰਭੂ-ਸੱਤਾ ਸਦਾ ਕਾਇਮ ਰਹੇਗੀ। ਪਰ ਨਾਨਕ ਪੰਥ ਵਿਚ ਸੂਝਵਾਨ ਗੁਰਸਿਖਾਂ ਦੀ ਦਿਨੋ ਦਿਨ ਘਾਟ ਹੁੰਦੀ ਜਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰਨ ਸਤਿਕਾਰ ਭਾਵਨਾ ਦਾ ਤਖ਼ਤ ਸਾਹਿਬਾਨ ਤੇ ਅਭਾਵ ਦੇਖ ਕੇ ਦੁਖ ਹੁੰਦਾ ਹੈ। ਤਖ਼ਤ ਉਤੇ ਸ੍ਰੀ ਗੁਰੂ ਜੀ ਨੂੰ ਪ੍ਰਕਾਸ਼ਮਾਨ ਕਰਨਾ ਹੀ ਉਚਿਤ ਹੈ, ਨਾ ਕਿ ਸ਼ਸਤਰਾਂ ਨੂੰ। ਅੱਜ ਸਾਰੇ ਤਖ਼ਤ ਸਾਹਿਬਾਨ ਉਤੇ ਸ੍ਰੀ ਗੁਰੂ ਜੀ ਦਾ ਪ੍ਰਕਾਸ਼ ਇਕ ਪਾਸੇ ਨੂੰ ਕੀਤਾ ਜਾਂਦਾ ਹੈ ਤੇ ਸਤਿਗੁਰਾਂ ਦੇ ਵਰਤੇ ਹੋਏ ਸ਼ਸਤਰ ਉਪਰ ਥੜਿਆਂ ਤੇ ਸਜਾਏ ਹੋਏ ਹਨ। ਸ੍ਰੀ ਕੇਸਗੜ੍ਹ ਸਾਹਿਬ ਸਤਿਗੁਰਾਂ ਦਾ ਪ੍ਰਕਾਸ਼ ਅਸਥਾਨ ਸ਼ਸਤਰਾਂ ਵਾਲੇ ਥੜੇ ਦੇ ਮੁਕਾਬਲੇ ਘੱਟ ਸ਼ੋਭਨੀਕ ਥਾਂ ਤੇ ਹੈ। ਸਿੱਖ ਪੰਥ ਨੂੰ ਅਜ ਇਹ ਵਿਚਾਰਨਾ ਚਾਹੀਦਾ ਹੈ ਕਿ ਨਾਨਕ ਪੀਰ ਦੀ ਪ੍ਰਭੂ-ਸੱਤਾ ਕਿਸ ਵਿਚ ਜਗਮਗਾ ਰਹੀ ਹੈ—ਸ਼ਸਤਰਾਂ ਵਿਚ ਜਾਂ ਸ਼ਬਦ-ਸਰੂਪ ਵਿਚ ? ਸਤਿਗੁਰ ਜੀ ਦੇ ਪਾਵਨ ਸ਼ਸਤਰਾਂ ਦੇ ਸਿਖ ਸੰਗਤਾਂ ਨੂੰ ਦਰਸ਼ਨ ਕਰਾਉਣ ਲਈ


www.AKJ.Org

ਕੋਈ ਹੋਰ ਯੋਗ ਥਾਂ ਬਣਾਈ ਜਾ ਸਕਦੀ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਚ ਫ਼ਰਕ ਪਾ ਕੇ ਨਹੀਂ। ਤਖ਼ਤ ਉਪਰ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸ਼ੋਭਦੇ ਹਨ, ਕਿਉਂਕਿ ਕੇਵਲ ਉਹ ਹੀ ਤਾਂ ਹਨ ਜੋ ਤਖ਼ਤ ਚੌਰ ਦੇ ਮਾਲਕ ਹਨ। ਸ਼ਸਤਰਾਂ ਦਾ ਸਤਿਕਾਰ ਆਪਣੀ ਥਾਂ ਹੈ, ਪਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਤੁਲ ਨਹੀਂ ਹੋ ਸਕਦਾ, ਤੇ ਨਾ ਹੀ ਹੋਣਾ ਚਾਹੀਦਾ ਹੈ। ਸ਼ਬਦ ਗੁਰੂ ਦਾ ਕੋਈ ਸ਼ਰੀਕ ਨਹੀਂ ਮੰਨਿਆ ਜਾ ਸਕਦਾ।

ਪੀਰੀ ਦੀ ਪ੍ਰਭੂ-ਸਤਾ ਦਾ ਦਸੋਂ ਪਾਤਸ਼ਾਹੀਆਂ ਦੇ ਸਮੇਂ ਦੌਰਾਨ ਇਕ ਹੋਰ ਪੱਖ ਤੋਂ ਭੀ ਦਰਸ਼ਨ ਕੀਤਾ ਜਾ ਸਕਦਾ ਹੈ। ਭਾਰਤੀ ਜਨਤਾ ਦੀ ਧਾਰਮਿਕ ਮਰਯਾਦਾ ਦਾ ਆਧਾਰ ਬੇਦ ਸ਼ਾਸ਼ਤਰ ਹੀ ਚਲੇ ਆਏ ਹਨ। ਮੁਸਲਮਾਨਾਂ ਦੀ ਧਾਰਮਿਕ ਮਰਯਾਦਾ ਦਾ ਆਧਾਰ ਕਤੇਬ ਤੇ ਕਤੇਬੀ ਸ਼ਰ੍ਹਾ, ਸੀ। ਦੋਹਾਂ ਧਰਮਾਂ ਦੀਆਂ ਧਾਰਮਿਕ ਰਹੁ-ਰੀਤਾਂ, ਸਮਾਜਿਕ ਰੀਤੀ-ਰਿਵਾਜਾਂ ਨੂੰ ਭੀ ਨਾਨਕ ਪੀਰ ਨੇ ਮੁੱਢ ਤੋਂ ਹੀ ਸਵੀਕਾਰ ਨਹੀਂ ਕੀਤਾ। ਨੌਂ ਸਾਲ ਦੇ ਨਾਨਕ ਨੇ ਜੰਞੂ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ। ਆਸਾ ਕੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਸਮਾਜਿਕ ਕਰਮ ਧਰਮ ਦੇ ਫੋਕੇ-ਪਨ ਨੂੰ ਸਪੱਸ਼ਟ ਕਰ ਕੇ ਦਸਣ ਦਾ ਜੋ ਯਤਨ ਕੀਤਾ ਹੈ, ਉਹ ਸਤਿਗੁਰਾਂ ਦੀ ਪ੍ਰਭੂ-ਸੱਤਾ ਵਲ ਸੰਕੇਤ ਕਰਦਾ ਹੈ। "ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ" (੪੬੭) ਵਿਚ ਸਤਿਗੁਰਾਂ ਦਾ ਸਪੱਸ਼ਟ ਦ੍ਰਿਸ਼ਟੀਕੋਣ ਦਰਸਾਇਆ ਗਿਆ ਹੈ। ਕੁਲ-ਰੀਤੀ ਆਪ ਛੱਡੀ, ਆਪਣੇ ਸਿਖਾਂ ਨੂੰ ਕੁਲ-ਰੀਤੀ ਧਰਮ-ਰੀਤੀ, ਬੇਦ-ਰੀਤੀ, ਕਰਮ-ਰੀਤੀ ਸਭ ਕੁਝ ਛੁਡਾਇਆ। ਬ੍ਰਾਹਮਣ ਨੇ ਬਥੇਰਾ ਡਰਾਇਆ, ਨਾਨਕ ਪੰਥੀਆਂ ਨੂੰ ਦੈਵੀ ਕ੍ਰੋਪੀ ਤੋਂ, ਪਰ ਉਨ੍ਹਾਂ ਨੂੰ ਨਾਨਕ ਪੀਰ ਤੇ ਦ੍ਰਿੜ੍ਹ ਵਿਸ਼ਵਾਸ ਸੀ। ਉਨ੍ਹਾਂ ਨੂੰ ਇਕੋ ਨਾਮ ਜਪਣ ਦਾ ਉਪਦੇਸ਼ ਦਿਤਾ ਗਿਆ ਸੀ। ਉਨ੍ਹਾਂ ਦੇ ਸਭ ਡਰ ਦੂਰ ਹੋ ਗਏ ਸਨ। ਯਥਾ ਗੁਰਵਾਕ :—

ਹਲਤਿ ਸੁਖੁ ਪਲਤਿ ਸੁਖੁ, ਨਿਤ ਸੁਖੁ ਸਿਮਰਨੋ, ਨਾਮੁ ਗੋਬਿੰਦ ਕਾ ਸਦਾ ਲੀਜੈ॥
ਮਿਟਹਿ ਕਮਾਣੇ ਪਾਪ ਚਿਰਾਣੇ, ਸਾਧ ਸੰਗਤਿ ਮਿਲਿ ਮੁਆ ਜੀਜੈ ॥੧॥ਰਹਾਉ॥
(ਧਨਾਸਰੀ ਮਹਲਾ ੫, ਪੰਨਾ ੬੮੩)

ਪੰਚਮ ਪੀਰ ਨੇ ਵਿਆਖਿਆ ਮਈ ਲਹਿਜੇ ਵਿਚ ਐਲਾਨ ਕੀਤਾ ਕਿ ਗੁਰੂ ਨਾਨਕ ਮੱਤ ਦਾ ਆਧਾਰ ਬੇਦ ਕਤੇਬ ਨਹੀਂ ਹਨ। ਪ੍ਰਭੂ ਦੀ ਸਿਫਤ-ਸਲਾਹ ਸਭ ਤੋਂ ਸ੍ਰੇਸ਼ਟ ਕਰਮ ਹੈ, ਸਭ ਤੋਂ ਸ੍ਰੇਸ਼ਟ ਧਰਮ ਹੈ, ਬਾਕੀ ਸਭ ਅਡੰਬਰ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
(ਸੁਖਮਨੀ, ਪੰਨਾ ੨੬੬)

ਇਹ ਹੈ ਸੁਤੰਤਰਤਾ, ਜੋ ਮਨੁੱਖ ਨੂੰ ਭਰਮਾਂ ਵਹਿਮਾਂ ਤੋਂ ਆਜ਼ਾਦ ਕਰਾਉਂਦੀ ਹੈ ਅਤੇ ਇਹ ਆਜ਼ਾਦੀ ਉਹ ਬਖਸ਼ ਸਕਦਾ ਹੈ ਜੋ ਆਪ ਧਾਰਮਿਕ ਤੇ ਸਮਾਜਿਕ (ਕੈਦ) ਬੰਧਨਾਂ ਤੋਂ ਮੁਕਤ ਹੋ ਕੇ ਉਪਰ ਉਠਿਆ ਹੋਵੇ। ਨਾਨਕ ਪੀਰ ਨੂੰ ਜਦੋਂ ਨੂਰ ਦੇ ਦਰਸ਼ਨ ਹੋਏ, ਉਹ ਰੁਸ਼ਨਾਏ ਗਏ। ਧਾਰਮਿਕ ਕਰਮ ਧਰਮ ਅਗਿਆਨਮਈ ਅੰਧੇਰੇ ਵਿਚ ਕਰੀ ਜਾਣੇ, ਉਨ੍ਹਾਂ ਨੂੰ ਫੋਕਟ ਕਰਮ ਲਗੇ। ਜਿਸਦਾ ਕੋਈ ਪਰਮਾਰਥਕ ਲਾਭ ਨਹੀਂ ਹੋ ਸਕਦਾ। ਉਨ੍ਹਾਂ ਨੂੰ ਗਿਆਨ ਦੇ ਚਾਨਣੇ ਵਿਚ ਦਿਸ ਪਿਆ ਸੀ ਕਿ ਬ੍ਰਾਹਮਣ ਜਿਨ੍ਹਾਂ ਵੇਦਾਂ ਸ਼ਾਸਤਰਾਂ ਨੂੰ ਪ੍ਰਮਾਣੀਕ ਮੰਨ ਕੇ ਸਮੁੱਚੇ ਸਨਾਤਨੀ ਧਰਮ ਕਰਮ ਨੂੰ ਚਲ ਰਿਹਾ ਹੈ, ਉਨ੍ਹਾਂ ਵੇਦਾਂ ਵਿਚ ਸਿਵਾਏ ਪੁੰਨ ਪਾਪ ਦੇ, ਹੋਰ ਕੁਝ ਵੀ ਨਹੀਂ। ਉਸ ਅਨੁਸਾਰ ਨਰਕ ਤੇ ਸਵਰਗ ਕਰਮਾਂ ਅਨੁਸਾਰ ਅਵੱਸ਼ ਮਿਲਦੇ ਹਨ। ਸਾਰੰਗ ਕੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸਲੋਕ ਇਸੇ ਪਰਥਾਏ ਆਇਆ ਹੈ :—

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥ ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ (੧੨੪੩


www.AKJ.Org

ਨਾਨਕ ਪੀਰ ਦਾ ਦ੍ਰਿਸ਼ਟੀਕੋਣ ਸੀ ਕਿ ਬਜਾਏ ਪਾਪ ਪੁੰਨ ਬੀਜਣ ਦੇ, ਕਿਉਂ ਨਾ ਪ੍ਰਭੂ ਦਾ ਨਾਮ ਬੀਜਿਆ ਜਾਏ, ਜਿਸਦੇ ਬੀਜਿਆਂ ਪ੍ਰਭੂ ਦੀ ਦਰਗਾਹ ਵਿਚ ਥਾਉਂ ਮਿਲਦਾ ਹੈ। ਭਾਵ ਪ੍ਰਭੂ ਦਾ ਨਾਮ ਕਰਮਾਂ ਦੇ ਭੋਗ ਨੂੰ ਖ਼ਤਮ ਕਰ ਦੇਣ ਦੇ ਸਮਰੱਥ ਹੈ। ਕਰਮਾਂ ਤੋਂ ਡਰਨ ਦੀ ਲੋੜ ਨਹੀਂ। ਇਸ ਸਲੋਕ ਵਿਚ ਅਗੇ ਚਲ ਕੇ ਫੁਰਮਾਇਆ ਹੈ :—

ਗਿਆਨੁ ਸਲਾਹੇ ਵਡਾ ਕਰਿ ਸਚੋ ਸਾਚਾ ਨਾਉ। ਸਚੁ ਬੀਜੈ ਸਚੁ ਉਗਵੈ ਦਰਗਾਹ ਪਾਈਐ ਥਾਉ॥
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ॥ ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ॥੨॥੧੯॥
(ਸਾਰੰਗ ਕੀ ਵਾਰ ਮਹਲਾ ੪, ਸਲੋਕ ਮ: ੧, ਪੰਨਾ ੧੨੪੩)

ਵੇਦਾਂ ਵਿਚ ਤੇਤੀ ਕਰੋੜ ਦੇਵਤੇ ਸਮਝੇ ਗਏ ਹਨ ਤੇ ਉਨ੍ਹਾਂ ਦੀ ਉਸਤਤ ਵਿਚ ਅਨੇਕਾਂ ਮੰਤਰ ਲਿਖੇ ਗਏ ਹਨ ਤੇ ਉਪਾਸ਼ਕਾਂ ਨੂੰ ਬਜਾਏ ਪਾਰਬ੍ਰਹਮ ਦੇ ਲੜ ਲਾਉਣ ਦੇ ਦੇਵੀ ਦੇਵਤਿਆਂ ਦੇ ਲੜ ਲਾਇਆ ਗਿਆ ਹੈ। ਦੇਵੀ ਦੇਵਤੇ ਅਜੂਨੀ ਨਹੀਂ ਹਨ। ਨਾਨਕ ਪੀਰ ਦੀ ਇਹੋ ਦਾਰਸ਼ਨਕ ਪ੍ਰਭੂ-ਸੱਤਾ ਸੀ, ਜਿਸ ਨੇ ਨਾਨਕ ਪੰਥ ਨੂੰ ਨਵੇਂ ਮਾਰਗ ਦੀ ਸੇਧ ਦਿੱਤੀ। ਗੁਰੂ ਅਰਜਨ ਦੇਵ ਜੀ ਨੇ ਇਸ ਦੀ ਵਿਆਖਿਆ ਇਉਂ ਕੀਤੀ ਹੈ :—

ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥੪॥੩॥੧੦੫॥
(ਆਸਾ ਮਹਲਾ ੫, ਪੰਨਾ ੩੯੭)

ਸ਼ਾਸਤਰਾਂ ਨੇ ਜਾਂ ਤਾਂ ਵਾਹਿਗੁਰੂ ਜੀ ਨੂੰ ਮੰਨਿਆ ਹੀ ਨਹੀਂ, ਪਰ ਜੇ ਕਿਤੇ ਉਸਦੀ ਹਸਤੀ ਨੂੰ ਤਰਕ ਰਾਹੀਂ ਪਰਵਾਨ ਕਰਨਾ ਹੀ ਪਿਆ ਹੈ ਤਾਂ ਉਸਨੂੰ ਕਰਤਾ ਮੰਨਣ ਤੋਂ ਸੰਕੋਚ ਹੀ ਕੀਤਾ ਹੈ। ਹਿੰਦੂ ਦਰਸ਼ਨ ਦੀ ਸਭ ਤੋਂ ਵੱਡੀ ਛਾਲ ਵੇਦਾਂਤ ਦੇ ਬ੍ਰਹਮ ਦੀ ਹੈ, ਜੋ ਅਕਰਤ੍ਰੀ ਹੈ, ਕਿਉਂਕਿ ਉਹ ਅਗਮ ਅਗੋਚਰ ਹੈ। ਕਾਰਜ ਕਾਰਣ ਦਾ ਸਿਧਾਂਤ ਕੇਵਲ ਉਨ੍ਹਾਂ ਵਸਤੂਆਂ ਤੇ ਲਾਗੂ ਹੁੰਦਾ ਹੈ ਜੋ ਇੰਦ੍ਰੀਆਂ ਦਾ ਵਿਸ਼ਾ ਹੋਵੇ। ਇਸ ਲਈ ਤਕਰੀਬਨ ਸਮੁਚੇ ਹਿੰਦੂ ਫ਼ਲਸਫ਼ੇ ਅਨੁਸਾਰ ਬ੍ਰਹਮ ਨੂੰ ਕੇਵਲ ਸਾਖੀ ਅਕਰਤ੍ਰੀ ਨਪੁੰਸਕ ਜਿਹੀ ਹਸਤੀ ਹੀ ਮੰਨਿਆ ਹੈ, ਜੋ ਫਲ-ਪ੍ਰਦਾਤਾ ਤਾਂ ਹੋ ਸਕਦਾ ਹੈ, ਪਰ ਜੀਵਾਂ ਨੂੰ ਗਤੀ-ਸੇਧ ਦੇਣ ਯੋਗ ਨਹੀਂ। ਇਸ ਲਈ ਹੁਣ ਤਕ ਇਸ ਫ਼ਿਲਾਸਫ਼ੀ ਦਾ ਜੋ ਅਸਰ ਪਿਆ ਹੈ, ਉਸ ਵਿਚ ਕਰਮ ਪਰਧਾਨ ਮੰਨਿਆ ਗਿਆ ਹੈ।

ਨਾਨਕ ਪੀਰ ਦਾ ਪਾਰਬ੍ਰਹਮ ਸਭ ਸ੍ਰਿਸ਼ਟੀ ਦਾ ਕਰਤਾ ਹੈ। ਉਸਦੇ ਹੁਕਮ ਤੋਂ ਬਿਨਾਂ ਕਿਸੇ ਕਿਸਮ ਦੀ ਰਚਨਾ ਸੰਭਵ ਨਹੀਂ :—

ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ, ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥ [ਜਪੁਜੀ, ਪੰਨਾ ੧

ਮਾਨੋ ਹੁਕਮ ਦਾ ਉਲਟ ਹਉਮੈ ਹੈ। ਸਮੁਚਾ ਹਿੰਦੂ ਫ਼ਲਸਫ਼ਾ ਹੁਕਮ ਮੰਨਣ ਤੋਂ ਆਕੀ ਰਿਹਾ ਹੈ। ਜ਼ੋਰ ਹਮੇਸ਼ਾ ਗ੍ਰਹਿ ਟਾਲਣ ਤੇ ਰਿਹਾ ਹੈ। ਰਜ਼ਾ ਵਿਚ ਕਦੀ ਨਹੀਂ ਰਹਿਣਾ। ਨਾਨਕ ਪੀਰ ਦੀ ਇਹ ਦਾਰਸ਼ਨਕ ਦੇਣ ਹੈ ਕਿ ਅਕਾਲ ਪੁਰਖ ਹੈ, ਉਹ ਸਭ ਸ੍ਰਿਸ਼ਟੀ ਦਾ ਕਰਤਾ ਹੈ, ਉਸ ਦੇ ਹੁਕਮ ਅੰਦਰ ਸਭ ਕੁਝ ਹੋ ਰਿਹਾ ਹੈ। ਉਸਦਾ ਹੁਕਮ ਮੰਨਿਆਂ ਹੀ ਉਸਦੇ ਦਰ ਤੋਂ ਬਖਸ਼ਸ਼ ਪਾਈਦੀ ਹੈ। ਮਿਹਰ ਦੀ ਸੋਝੀ ਹਿੰਦੂ ਫ਼ਲਸਫ਼ੇ ਵਿਚ ਨਹੀਂ ਹੈ। ਉਥੇ ਤਾਂ ਕਰਮਾਂ ਉਪਰ ਨਿਬੇੜੇ ਤੇ ਜ਼ੋਰ ਹੈ। ਪਰ ਨਾਨਕ ਪੀਰ ਨੇ ਆਮ ਮਨੁੱਖ ਦਾ ਇਹ



www.AKJ.Org

ਡਰ ਕਢ ਦਿੱਤਾ ਕਿ ਕਰਮ ਪਰਧਾਨ ਹਨ। ਉਹਨਾਂ ਦਾ ਕਹਿਣਾ ਹੈ ਕਿ ਜੋ ਵਾਹਿਗੁਰੂ ਜੀ ਦੀ ਸਿਫਤ ਸਲਾਹ ਦਾ ਰਾਹ ਫੜ ਲੈਂਦਾ ਹੈ, ਉਸ ਦੇ ਕਰਮਾਂ ਦਾ ਹਿਸਾਬ ਕਿਤਾਬ ਮੁਕ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੈ :--

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥
ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥
[ਜੈਤਸਰੀ ਮ: ੪, ਪੰਨਾ ੬੯੮]

ਪੰਜਵੇਂ ਨਾਨਕ ਪੀਰ ਇਸੇ ਗੱਲ ਨੂੰ ਹੋਰ ਦ੍ਰਿੜ੍ਹ ਕਰ ਕੇ ਫੁਰਮਾਉਂਦੇ ਹਨ :—

ਜਿਨ ਕਉ ਕ੍ਰਿਪਾ ਕਰੀ ਮੇਰੈ ਠਾਕੁਰਿ, ਤਿਨ ਕਾ ਲੇਖਾ ਨ ਗਣਿਆ ॥
ਕਹੁ ਨਾਨਕ ਤਿਸੁ ਘੋਲਿ ਘੁਮਾਈ, ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥
(ਵਡਹੰਸ ਮ: ੫ ਛੰਤ, ਪੰਨਾ ੫੭੭)

ਮੁਸਲਮਾਨ ਪੀਰ ਭੀ ਨਾਨਕ ਨੂੰ ਇਕ ਵਾਰੀ ਪੁੱਛ ਬੈਠੇ—ਆਪ ਕਿਸ ਘਰਾਣੇ ਨਾਲ ਸੰਬੰਧਤ ਹੋ ? ਇਸਲਾਮੀ ਪੀਰਾਂ ਦੇ ਰਾਗੀਆਂ ਰਬਾਬੀਆਂ ਵਾਂਗ ਘਰਾਣੇ ਹੁੰਦੇ ਸਨ ਅਤੇ ਕਿਸੇ ਪੀਰ ਦੀ ਮਾਨਤਾ ਉਸਦੇ ਘਰਾਣੇ ਤੋਂ ਨਿਸ਼ਚਿਤ ਕੀਤੀ ਜਾਂਦੀ ਸੀ। 'ਪੀਰ' ਘਰਾਣਿਆਂ ਦੇ ਮਾਨ ਮਹੱਤ ਦੇ ਕੈਦੀ ਹੁੰਦੇ ਸਨ। ਪਰਮਾਰਥ-ਪਾਂਧੀ ਲਈ ਹਲੀਮੀ ਧਾਰਨ ਕਰਨੀ ਅਤਿ ਜ਼ਰੂਰੀ ਹੁੰਦੀ ਹੈ, ਪਰ ਉਹ ਘਰਾਣਿਆਂ ਨਾਲ ਸੰਬੰਧ ਇਕ ਬੜੀ ਵੱਡੀ ਰੁਕਾਵਟ ਸੀ, ਜਿਸਨੂੰ ਮੁਸਲਮਾਨ ਪੀਰ ਨਹੀਂ ਸਮਝ ਸਕੇ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ੩੫ਵੀਂ ਪਉੜੀ ਵਿਚ ਦਸਤਗੀਰ ਪੀਰ ਦੇ ਮੂੰਹੋਂ ਅਖਵਾਇਆ ਹੈ, ਜੋ ਨਾਨਕ ਪੀਰ ਨੂੰ ਸਵਾਲ ਪੁੱਛ ਰਿਹਾ ਹੈ, ਇਹ ਨਿਸ਼ਚਿਤ ਕਰਨ ਲਈ ਕਿ ਨਾਨਕ ਪੀਰ ਕਿਤਨੀ ਵਡਿਆਈ ਦਾ ਮਾਲਕ ਹੈ, ਜਿਸਨੂੰ ਲੱਖਾਂ ਅਕਾਸ ਤੇ ਪਾਤਾਲ ਦਿਸੇ ਹਨ :—

ਪੁਛਿਆ ਫਿਰਿ ਕੈ ਦਸਤਗੀਰ ਕਉਣ ਫਕੀਰੁ ਕਿਸ ਕਾ ਘਰਾਨਾ ?

ਤੇ ਨਾਨਕ ਪੀਰ ਨੇ ਉਤਰ ਦਿੱਤਾ ਸੀ :--

ਨਾਨਕ ਕਲਿ ਵਿਚਿ ਆਇਆ, ਰਬੁ ਫਕੀਰੁ ਇਕੋ ਪਹਿਚਾਨਾ ॥ (ਵਾਰ ੧-੩੫)

ਭਾਵ ਸਾਡਾ ਘਰਾਣਾ ਤਾਂ ਅਕਾਲ ਪੁਰਖ ਹੀ ਹੈ, ਉਹੀ ਸਾਡਾ ਫਕੀਰ ਹੈ--ਉਹੀ ਸਾਡਾ ਮਾਲਕ ਹੈ। ਸਾਡਾ ਸੰਸਾਰ ਵਿਚ ਕਿਸੇ ਹਿੰਦੂ ਜਾਂ ਇਸਲਾਮੀ ਘਰਾਣੇ ਨਾਲ ਕੋਈ ਸੰਬੰਧ ਨਹੀਂ।

ਭਾਵ ਇਹ ਕਿ ਨਾਨਕ ਪੀਰ ਨੇ ਕਦੀ ਸੰਪ੍ਰਦਾਈ ਪੀਰੀ ਅਤੇ ਪੀਰਾਂ ਦੇ ਘਰਾਣਿਆਂ ਦੀ ਕੈਦ ਤਸਲੀਮ ਨਹੀਂ ਕੀਤੀ। ਹਮੇਸ਼ਾ ਆਜ਼ਾਦ ਹੋ ਕੇ ਵਿਚਰੇ। ਸ਼ਾਇਦ ਇਸੇ ਕਾਰਨ ਆਪ ਨੂੰ ਲੋਕਾਂ ਨੇ ਕੁਰਾਹੀਆ ਆਖਿਆ। ਮਾਰੂ ਰਾਗ ਵਿਚ ਗੁਰੂ ਨਾਨਕ ਦੇਵ ਜੀ ਲੋਕਾਂ ਦੇ ਉਹਨਾਂ ਬਾਰੇ ਵਿਚਾਰਾਂ ਨੂੰ ਇਉਂ ਫੁਰਮਾਉਂਦੇ ਹਨ :--

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥੭॥
[ਮਾਰੂ ਮ: ੧, ਪੰਨਾ ੯੯੧]

ਸਮੁਚੇ ਗੁਰ-ਇਤਿਹਾਸ ਦੇ ਪਿਛੋਕੜ ਵਿਚ ਦੇਖਿਆ ਜਾਏ ਤਾਂ ਇਹ ਗੱਲ ਬੜੇ ਸਪੱਸ਼ਟ ਰੂਪ ਵਿਚ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਪੀਰੀ ਦੀ ਪ੍ਰਭੂ-ਸੱਤਾ ਦਾ ਮੁੱਢ ਸਤਿਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ। ਬ੍ਰਾਹਮਣ ਆਪਨੂੰ ਹਿੰਦੂ ਸਮਝਦੇ ਸਨ, ਖਤਰੀ ਉੱਚ ਘਰਾਣੇ ਦਾ ਸਾਹਿਬਜ਼ਾਦਾ ਸਮਝਦੇ ਸਨ, ਪਰ ਆਪ ਦੇ ਅਮੋਲ ਬਚਨਾਂ ਦਾ ਬੜਾ ਭਾਰੀ ਵਿਰੋਧ ਕੀਤਾ। ਨਾਨਕ ਪੀਰ ਅਮਜ਼ਹਬੇ ਹੋ ਚੁੱਕੇ ਸਨ। ਮਜ਼ਹਬ ਦੀ ਆਪਣੀ ਸੀਮਾ ਹੈ। ਨਾਨਕ ਪੀਰ ਇਸ ਸੀਮਾ ਤੋਂ ਉਪਰ ਉਠ ਚੁੱਕੇ ਸਨ। ਕੇਵਲ ਸੱਚ ਹੀ ਉਹਨਾਂ ਦਾ ਮਜ਼ਹਬ ਸੀ।


www.AKJ.Org

# ਸਲੋਕ ਸਹਸਕ੍ਰਿਤੀ (੧੦)

[ਆਖ਼ਰੀ ਕਿਸ਼ਤ]

(ਅਰਥ ਵਿਆਖਿਆ ਵਲੋਂ ਭਾਈ ਜੁਗਿੰਦਰ ਸਿੰਘ ਜੀ ਤਲਵਾੜਾ)

ਅਚੇਤ ਮੂੜਾ ਨ ਜਾਣੰਤ
ਘਟੰਤ ਸਾਸਾ ਨਿਤ ਪ੍ਰਤੇ ॥
ਛਿਜੰਤ ਮਹਾ ਸੁੰਦਰੀ ਕਾਂਇਆ
ਕਾਲ ਕੰਨਿਆ ਗ੍ਰਾਸਤੇ ॥
ਰਚੰਤਿ ਪੁਰਖਹ ਕੁਟੰਬ ਲੀਲਾ
ਅਨਿਤ ਆਸਾ ਬਿਖਿਆ ਬਿਨੋਦ ॥
ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ
ਸਰਣਿ ਨਾਨਕ ਕਰੁਣਾਮਯਹ ॥ ੬੧ ॥

**ਪਦ ਅਰਥ** :-ਅਚੇਤ-ਗਾਫਲ । ਮੂੜਾ-ਮੂਰਖ । ਨ ਜਾਣੰਤ-ਨਹੀਂ ਜਾਣਦਾ । ਘਟੰਤ-ਘਟਦੇ ਹਨ । ਸਾਸਾ-ਸਵਾਸ । ਨਿਤ ਪ੍ਰਤੇ-ਹਰ ਰੋਜ਼, ਸਦਾ । ਛਿਜੰਤ-ਛਿਜ ਰਹੀ ਹੈ, ਖੀਣ ਹੋ ਰਹੀ ਹੈ । ਕਾਲ ਕੰਨਿਆ-ਕਾਲ ਦੀ ਪੁਤਰੀ, ਭਾਵ ਬਿਰਧ ਅਵਸਥਾ । ਗ੍ਰਾਸਤੇ-ਗ੍ਰਸ ਰਹੀ ਹੈ । ਰਚੰਤਿ- ਰਚਦਾ ਹੈ । ਪੁਰਖਹ-ਮਨੁੱਖ । ਕੁਟੰਬ ਲੀਲਾ-ਕੁਟੰਬੀਆਂ ਦੇ ਚੋਜ-ਤਮਾਸ਼ਿਆਂ ਵਿਚ । ਅਨਿਤ ਆਸਾ-ਝੂਠੀ ਆਸਾ । ਬਿਖਿਆ ਬਿਨੋਦ-ਮਾਇਆ ਦੀਆਂ ਖੁਸ਼ੀਆਂ । ਭ੍ਰਮੰਤਿ ਭ੍ਰਮੰਤਿ-ਭਟਕ ਭਟਕ ਕੇ । ਕਰੁਣਾਮਯਹ-ਤਰਸ-ਸਰੂਪ ।੬੧।

**ਅਰਥ** :-ਗਾਫਲ ਤੇ ਮੂਰਖ ਪ੍ਰਾਣੀ ਇਹ ਨਹੀਂ ਜਾਣਦਾ ਕਿ ਦਿਨ-ਬ-ਦਿਨ ਸਵਾਸ ਘਟਦੇ ਜਾ ਰਹੇ ਹਨ । ਇਹ ਅਤਿ ਸੁੰਦਰ ਦੇਹੀ (ਸਮੇਂ ਦੇ ਗੇੜ ਨਾਲ) ਖੀਣ ਹੁੰਦੀ ਜਾ ਰਹੀ ਹੈ ਤੇ ਕਾਲ ਦੀ ਪੁਤਰੀ, ਭਾਵ ਬਿਰਧ ਅਵਸਥਾ ਇਸ ਉਤੇ ਆਪਣਾ ਜ਼ੋਰ ਪਾ ਰਹੀ ਹੈ । ਇਹ (ਗਾਫਲ) ਪ੍ਰਾਣੀ ਕੁਟੰਬੀਆਂ ਦੇ ਕਲੋਲਾਂ ਵਿਚ ਰਚਿਆ ਹੋਇਆ ਮਾਇਕ ਚੋਜ-ਤਮਾਸ਼ਿਆਂ ਵਿਚੋਂ ਅਨੰਦ ਦੀ ਝੂਠੀ ਆਸਾ ਲਾਈ ਰਖਦਾ ਹੈ । (ਅਜਿਹੀਆਂ ਮਾਨਸਿਕ ਪ੍ਰਸਥਿਤੀਆਂ ਕਾਰਨ) ਪ੍ਰਾਣੀ ਕਈ ਜਨਮਾਂ ਵਿਚ ਭਟਕ ਭਟਕ ਕੇ ਹਾਰ-ਹੰਭ ਗਿਆ ਹੈ ।

'ਨਾਨਕ' ! (ਇਸ ਭਟਕਣ ਦੇ ਚਕਰ ਤੋਂ ਬਚਣ ਲਈ) ਤਰਸ-ਸਰੂਪ ਵਾਹਿਗੁਰੂ ਦੀ ਸ਼ਰਨ ਲੈਣੀ ਚਾਹੀਦੀ ਹੈ ।੬੧।

---

(ਸਫਾ ੨੮ ਦੀ ਬਾਕੀ)

ਦਸਵੇਂ ਜਾਮੇ ਵਿਚ ਨਾਨਕ ਪੀਰ ਨੇ ਆਪਣੀ ਪੂਰਨ ਪ੍ਰਭੂ-ਸੱਤਾ ਉਸ ਬਾਣੀ ਨੂੰ ਪ੍ਰਦਾਨ ਕਰ ਦਿੱਤੀ, ਜੋ ਬਾਣ ਸਮੇਂ ਸਮੇਂ ਨਾਨਕ ਪੀਰ ਨੂੰ ਖਸਮ ਨੇ ਨਾਜ਼ਲ ਕੀਤੀ ।

ਅੰਤਮ ਸਿੱਟਾ ਇਹੋ ਨਿਕਲਦਾ ਹੈ ਕਿ ਧੁਰੋਂ ਆਈ ਬਾਣੀ ਹੀ ਪ੍ਰਭੂ-ਸੱਤਾ ਸਪੰਨ ਹੈ । ਨਾਨਕ ਪੀਰ ਨੂੰ ਇਸਦੀ ਛੋਹ ਪ੍ਰਾਪਤ ਹੋਈ-ਉਹ ਪੀਰਾਂ ਦੇ ਪੀਰ ਹੋ ਕੇ ਵਿਚਰੇ । ਧੁਰ ਕੀ ਬਾਣੀ ਦੇ ਆਸਰੇ ਸਿੱਧ-ਮੰਡਲੀ ਤੇ ਹੋਰ ਅਨੇਕਾਂ ਧਾਰਮਕ ਮੰਡਲਾਂ ਵਿਚ ਵਿਜੈ ਪ੍ਰਾਪਤੀ ਕੀਤੀ । ਅੰਤਮ ਸਮੇਂ ਜਦੋਂ ਇਸ ਬਾਣੀ ਨੂੰ ਗੁਰ-ਗੱਦੀ ਸਉਂਪੀ ਤਾਂ ਮੁਰੀਦਾਂ ਨੂੰ ਭੇਦ ਖੁਲ੍ਹਿਆ ਕਿ ਨਾਨਕ ਪੀਰ ਧੁਰ ਕੀ ਬਾਣੀ ਵਿਚ ਸਮਾਏ ਹੋਏ ਸਨ, ਸਰੀਰਾਂ ਦਾ ਬਦਲਦੇ ਰਹਿਣਾ ਤਾਂ ਇਕ ਭਰਮ ਭੁਲੇਖਾ ਹੀ ਸੀ ।

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥੫॥੩॥

[ਨਟ ਮ: ੪, ਪੰਨਾ ੯੮੨ ]



www.AKJ.Org

**ਸਾਰੰਸ਼** :–ਗਾਫਲ ਮਨੁੱਖ ਮਾਇਕ ਰਸਾਂ ਕਸਾਂ ਵਿਚ ਖਚਤ ਹੋ ਕੇ ਮਨੁਖਾ ਜਨਮ ਅਜਾਈਂ ਗਵਾ ਲੈਂਦਾ ਹੈ ਤੇ ਅਨੇਕਾਂ ਜੂਨਾਂ ਦੇ ਗੇੜਿਆਂ ਵਿਚ ਭਟਕ ਭਟਕ ਕੇ ਦੁਖੀ ਹੁੰਦਾ ਹੈ । ਇਸ ਚਕਰ ਤੋਂ ਛੁਟਕਾਰਾ ਵਾਹਿਗੁਰੂ ਦੀ ਸ਼ਰਨ ਲੈਣ ਨਾਲ ਹੀ ਹੋ ਸਕਦਾ ਹੈ ।

**ਹੇ ਜਿਹਬੇ ਹੇ ਰਸਗੇ**
**ਮਧੁਰ ਪ੍ਰਿਆ ਤੁਯੰ ॥**
**ਸਤ ਹਤੰ ਪਰਮ ਬਾਦੰ**
**ਅਵਰਤਏਥਹ ਸੁਧ ਅਛਰਣ ॥**
**ਗੋਬਿੰਦ ਦਾਮੋਦਰ ਮਾਧਵੇ ॥ ੬੨ ॥**

**ਪਦ ਅਰਥ** :–ਹੇ ਜਿਹਬੇ–ਹੇ ਰਸਨਾ । ਰਸਗੇ—ਰਸ+ਗੇ, ਰਸਾਂ ਦੀ ਗਿਆਤਾ, ਰਸਾਂ ਦੀ ਪਰਖ ਪਛਾਣ ਕਰਨ ਵਾਲੀ । ਮਧੁਰ–ਮਿੱਠੇ ਪਦਾਰਥ । ਪ੍ਰਿਆ–ਪਿਆਰੇ । ਤੁਯੰ–(ਉਚਾਰਨ ਤੁਅੰ ) ਤੈਨੂੰ । ਸਤ–ਸਤ ਦਾ ਉਚਾਰਨ ਕਰਦਿਆਂ । ਹਤੰ–ਹਤਣਾ, ਮਰਨਾ । ਪਰਮ–ਵੱਡੇ । ਬਾਦੰ–ਝਗੜੇ, ਫਸਾਦ । ਅਵਰਤਏਥਹ–(ਸੰ:) ਮੁੜ ਮੁੜ ਉਚਾਰਨ ਕਰ । ਸੁਧ ਅਛਰਣ–ਅੰਮ੍ਰਿਤ ਸ਼ਬਦ । ਮਾਧਵੇ–ਵਾਹਿਗੁਰੂ ।੬੨।

**ਅਰਥ** :–ਹੇ ਜੀਭਾ ! ਹੇ ਰਸਾਂ ਨੂੰ ਪਰਖਣ ਤੇ ਮਾਣਨ ਵਾਲੀ ਜੀਭਾ ! ਤੈਨੂੰ ਮਿੱਠੀਆਂ ਚੀਜ਼ਾਂ ਪਿਆਰੀਆਂ ਲਗਦੀਆਂ ਹਨ । ਪਰ (ਮਿਠੀਆਂ ਚੀਜ਼ਾਂ ਖਾ ਕੇ ਤੂੰ ਜ਼ਹਿਰ ਉਗਲਦੀ ਹੈਂ) ਵੱਡੇ ਵੱਡੇ ਝਗੜੇ ਖੜੇ ਕਰਦੀ ਹੈਂ, ਅਤੇ ਸਤ ਸਰੂਪ ਵਾਹਿਗੁਰੂ ਦਾ ਨਾਮ ਉਚਾਰਨ ਕਰਨ ਵੇਲੇ ਤੈਨੂੰ ਮਰੀ ਪੈਂਦੀ ਹੈ ।

ਗੋਬਿੰਦ, ਦਾਮੋਦਰ, ਮਾਧੋ, ਇਹ ਹਿਰਦਾ ਸ਼ੁਧ ਕਰਨ ਵਾਲੇ ਅੰਮ੍ਰਿਤ-ਸ਼ਬਦ ਮੁੜ ਮੁੜ ਉਚਾਰਨ ਕਰ । ੬੨ ।

**ਸਾਰੰਸ਼** :–ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥
ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ ॥੨॥੫॥
(ਬਿਹਾਗੜੇ ਕੀ ਵਾਰ, ਪੰਨਾ ੫੫੦

**ਗਰਬੰਤਿ ਨਾਰੀ ਮਦੋਨ ਮਤੰ ॥**
**ਬਲਵੰਤ ਬਲਾਤ ਕਾਰਣਹ ॥**
**ਚਰਨ ਕਮਲਹ ਨਹ ਭਜੰਤ**
**ਤ੍ਰਿਣ ਸਮਾਨਿ ਧ੍ਰਿਗੁ ਜਨਮਨਹ ॥**
**ਹੇ ਪਪੀਲਕਾ ਗ੍ਰਸਟੇ**
**ਗੋਬਿੰਦ ਸਿਮਰਣ ਤੁਯੰ ਧਨੇ ॥**
**ਨਾਨਕ ਅਨਿਕ ਬਾਰ ਨਮੋ ਨਮਹ ॥੬੩॥**

**ਪਦ ਅਰਥ** :–ਗਰਬੰਤਿ–ਹੰਕਾਰ ਵਿਚ । ਮਦੋਨ ਮਤੰ–ਮਦਨ ਦਾ ਮਤਾ ਹੋਇਆ, ਕਾਮ-ਵਾਸ਼ਨਾ ਦਾ ਮਤਾ ਹੋਇਆ । ਬਲਵੰਤ–ਬਲਵਾਨ । ਬਲਾਤ ਕਾਰਣਹ–ਵਧੀਕੀਆਂ ਕਰਨ ਵਾਲਾ, ਧਕਾਸ਼ਾਹੀ, ਧਿੰਗੋਜ਼ੋਰੀ ਕਰਨ ਵਾਲਾ ਵਹਿਸ਼ੀ ਮਨੁੱਖ । ਨਹ ਭਜੰਤ–ਨਹੀਂ ਭਜਦਾ, ਨਹੀਂ ਸਿਮਰਦਾ । ਤ੍ਰਿਣ ਸਮਾਨਿ–ਤੀਲੇ ਦੇ ਬਰਾਬਰ । ਧ੍ਰਿਗੁ–ਫਿਟਕਾਰ ਜੋਗ । ਜਨਮਨਹ–ਜਨਮ, ਜੀਵਨ । ਪਪੀਲਕਾ–ਕੀੜੀ । ਗ੍ਰਸਟੇ–ਭਾਰੀ, ਗੌਰਵ-ਸ਼ੀਲ, ਮਹਾਨ । ਤੁਯੰ ਧਨੇ–ਤੇਰਾ ਧਨ । ਨਮੋ ਨਮਹ–ਨਮਸਕਾਰ ਹੈ, ਨਮਸਕਾਰ ਹੈ ।੬੩।

**ਅਰਥ** :–ਵਹਿਸ਼ੀ ਮਨੁੱਖ (ਪਰ) ਨਾਰੀ ਦੀ ਕਾਮ-ਵਾਸ਼ਨਾ ਵਿਚ ਮੱਤਾ ਹੋਇਆ, ਆਪਣੇ ਬਲਵਾਨ ਹੋਣ ਦੇ ਹੰਕਾਰ ਵਿਚ ਵਿਸ਼ੇ ਭੋਗ ਲਈ ਜ਼ੋਰ-ਜ਼ਬਰ ਕਰਦਾ ਹੈ, (ਵਿਕਾਰਾਂ ਦੇ ਨਸ਼ੇ ਵਿਚ ਮਤਾ ਹੋਇਆ ਉਹ)


www.AKJ.Org

ਵਾਹਿਗੁਰੂ ਦੇ ਚਰਨ ਕਮਲਾਂ ਨੂੰ ਨਹੀਂ ਸਿਮਰਦਾ। ਅਜਿਹਾ ਮਨੁੱਖ (ਗਲੀਆਂ ਦੇ) ਕੱਖਾਂ ਸਮਾਨ ਤੁੱਛ ਹੈ, ਉਸ ਦਾ ਜੀਵਨ ਫਿਟਕਾਰ ਜੋਗ ਹੈ।

ਹੇ (ਨਿਤਾਣੀ ਤੇ ਮਮੂਲੀ ਜਿਹੀ) ਕੀੜੀ! ਜੇ ਗੋਬਿੰਦ ਪ੍ਰਭੂ ਦਾ ਨਾਮ-ਸਿਮਰਨ ਤੇਰਾ ਜੀਵਨ-ਸਰਮਾਇਆ ਹੈ ਤਾਂ ਤੂੰ (ਉਸ ਬਲਵਾਨ ਤੇ ਹੰਕਾਰੀ ਕਾਮੀ ਪੁਰਸ਼ ਦੇ ਮੁਕਾਬਲੇ ਤੇ) ਮਹਾਨ ਹੈਂ।

ਮੈਂ ਨਾਨਕ ਦੀ (ਨਚੀਜਿਆਂ ਨੂੰ ਚੀਜ ਕਰਨ ਵਾਲੇ ਪ੍ਰਭੂ ਦੇ ਨਾਮ ਨੂੰ) ਬਾਰੰਬਾਰ ਨਮਸਕਾਰ ਹੈ।੬੩।

**ਸਾਰੰਸ਼**:—"ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ" ਦੇ ਭਾਵ ਅਨੁਸਾਰ ਪ੍ਰਭੂ ਤੋਂ ਭੁਲੇ ਹੋਏ ਬਲਵਾਨ ਤੇ ਧਨਵਾਨ ਬੰਦਿਆਂ ਨਾਲੋਂ ਉਹ ਕੀੜੀ ਮਹਾਨ ਹੈ ਜਿਹੜੀ ਪ੍ਰਭੂ ਦੀ ਯਾਦ ਨੂੰ ਮਨ ਵਿਚ ਧਾਰਨ ਕਰਦੀ ਹੈ।

**ਤ੍ਰਿਣੰਤ ਮੇਰੰ ਸਹਕੰਤ ਹਰੀਅੰ॥**
**ਬੂਡੰਤ ਤਰੀਅੰ ਊਣੰਤ ਭਰੀਅੰ॥**
**ਅੰਧਕਾਰ ਕੋਟਿ ਸੂਰ ਉਜਾਰੰ॥**
**ਬਿਨਵੰਤ ਨਾਨਕ ਹਰਿ ਗੁਰ ਦਯਾਰੰ॥੬੪॥**

**ਪਦ ਅਰਥ**:—ਤ੍ਰਿਣੰਤ—ਤੀਲਾ। ਮੇਰੰ—ਪਹਾੜ। ਸਹਕੰਤ=ਖੁਸ਼ਕ, ਸੁੱਕਾ ਹੋਇਆ। ਹਰੀਅੰ—ਹਰਾ। ਬੂਡੰਤ—ਡੁਬਦਾ। ਊਣੰਤ—ਊਣਾ, ਸਖਣਾ, ਖ਼ਾਲੀ। ਅੰਧਕਾਰ—ਹਨੇਰੇ। ਕੋਟਿ—ਕਰੋੜ। ਸੂਰ—ਸੂਰਜ। ਉਜਾਰੰ—ਪ੍ਰਕਾਸ਼। ਬਿਨਵੰਤ—ਬੇਨਤੀ ਕਰਦਾ ਹੈ। ਦਯਾਰੰ—ਦਿਆਲ।੬੪।

**ਅਰਥ**:—ਨਾਨਕ ਕਥਨ ਕਰਦਾ ਹੈ ਕਿ ਜਦੋਂ ਹਰੀ-ਰੂਪ ਗੁਰੂ ਜੀ ਦਿਆਲ ਹੋ ਜਾਂਦੇ ਹਨ ਤਾਂ (ਤੁਛ) ਤੀਲਾ ਪਹਾੜ ਹੋ ਨਿਬੜਦਾ ਹੈ, ਸੁੱਕਾ ਹਰਿਆ ਹੋ ਜਾਂਦਾ ਹੈ, ਡੁੱਬਾ ਹੋਇਆ ਤਰ ਪੈਂਦਾ ਹੈ, ਖ਼ਾਲੀ ਹੋਇਆ ਹੋਇਆ ਭਰਿਆ ਜਾਂਦਾ ਹੈ ਅਤੇ ਘੁੱਪ-ਅੰਨ੍ਹੇਰੇ ਵਿਚ ਕਰੋੜਾਂ ਸੂਰਜਾਂ ਦਾ ਚਾਨਣ ਹੋ ਜਾਂਦਾ ਹੈ।੬੪।

**ਸਾਰੰਸ਼**:—ਪ੍ਰਭੂ ਦੀ ਬਖ਼ਸ਼ਸ਼ ਵਿਚ ਹੀ ਬਲ-ਹੀਣ ਦੇ ਬਲਵਾਨ ਹੋਣ, ਗੁਣਹੀਣ ਦੇ ਗੁਣਵਾਨ ਹੋਣ, ਤੇ ਗਿਆਨਵਾਨ ਹੋਣ ਦਾ ਭੇਤ ਲੁਕਿਆ ਹੋਇਆ ਹੈ।

ਬ੍ਰਹਮਣਹ ਸੰਗਿ ਉਧਰਣੰ
ਬ੍ਰਹਮ ਕਰਮ ਜਿ ਪੂਰਣਹ॥
ਆਤਮ ਰਤੰ ਸੰਸਾਰ॥
ਗਹੰਤੇ ਨਰ ਨਾਨਕ ਨਿਹਫਲਹ॥੬੫॥

**ਪਦ ਅਰਥ**:—ਬ੍ਰਹਮਣਹ ਸੰਗਿ—ਬ੍ਰਾਹਮਣ ਦੇ ਨਾਲ, ਬ੍ਰਾਹਮਣ ਦੀ ਸੰਗਤ ਵਿਚ। ਉਧਰਣੰ—ਉਧਰ ਜਾਂਦੇ ਹਨ, ਪਾਰ ਉਤਰ ਜਾਂਦੇ ਹਨ। ਬ੍ਰਹਮ ਕਰਮ—ਬ੍ਰਹਮ ਦੇ ਕਰਮ, ਪਾਰਬ੍ਰਹਮ ਨਾਲ ਸਾਂਝ ਪੱਕੀ ਕਰਨ ਵਾਲੇ ਕਰਮ। ਜਿ ਜਿਹੜਾ। ਪੂਰਣਹ—ਪੂਰਨ, ਨਿਪੁੰਨ। ਆਤਮ—ਆਤਮਾ, ਮਨ। ਰਤੰ ਸੰਸਾਰ—ਸੰਸਾਰ ਦੇ ਭੋਗਾਂ (ਪਦਾਰਥਾਂ) ਵਿਚ ਰਤਾ। ਗਹੰਤੇ—ਗਛੰਤੇ, ਜਾਂਦੇ ਹਨ। ਨਿਹਫਲਹ—ਨਿਸਫਲ, ਅਜਾਈਂ।੬੫।

**ਅਰਥ**:—ਜਿਹੜਾ ਪ੍ਰਾਣੀ ਬ੍ਰਹਮ-ਕਰਮ (ਪਾਰਬ੍ਰਹਮ ਨਾਲ ਸਾਂਝ ਪੱਕੀ ਕਰਨ ਵਾਲੇ ਕਰਮ) ਕਰਨ ਵਿਚ ਨਿਪੁੰਨ ਹੁੰਦਾ ਹੈ, ਉਹੀ (ਸਹੀ ਅਰਥਾਂ ਵਿਚ) ਬ੍ਰਾਹਮਣ ਹੈ, ਅਤੇ ਅਜਿਹੇ ਬ੍ਰਾਹਮਣ ਦੀ ਸੰਗਤ ਵਿਚ ਸੰਸਾਰ-ਸਾਗਰ ਤੋਂ ਉਧਰ ਜਾਈਦਾ ਹੈ।

ਪਰ ਹੇ ਨਾਨਕ! ਜਿਹੜੇ ਮਨੁੱਖ ਮਨ ਕਰਕੇ ਸੰਸਾਰ ਦੇ ਵਿਸ਼ੇ-ਭੋਗਾਂ ਵਿਚ ਗਲਤਾਨ ਰਹਿੰਦੇ ਹਨ, ਉਹ (ਹੋਰਨਾਂ ਦੇ ਉਧਾਰ ਦੀ ਤਾਂ ਗੱਲ ਕਾਹਦੀ, ਆਪ ਹੀ) ਸੰਸਾਰ ਤੋਂ ਖ਼ਾਲੀ ਜਾਂਦੇ ਹਨ।੬੫।

**ਸਾਰੰਸ਼**:—ਬ੍ਰਹਮ ਨੂੰ ਪਛਾਣਨ ਵਾਲਾ ਹੀ ਅਸਲ ਵਿਚ ਬ੍ਰਾਹਮਣ ਹੈ। ਉਹ ਆਪ ਤਰ ਜਾਂਦਾ ਹੈ ਤੇ


www.AKJ.Org

ਹੋਰਨਾਂ ਨੂੰ ਵੀ ਤਾਰ ਲੈਂਦਾ ਹੈ। ਪਰ ਇਸ ਤੋਂ ਉਲਟ ਸੰਸਾਰਕ ਭੋਗਾਂ ਵਿਚ ਖੱਚਤ ਹੋਇਆ ਪ੍ਰਾਣੀ ਆਪਣਾ ਆਪ ਹੀ ਗੁਆ ਜਾਂਦਾ ਹੈ।੬੫।

ਪਰ ਦਰਬ ਹਿਰਣੰ ਬਹੁ ਵਿਘਨ ਕਰਣੰ
ਉਚਰਣੰ ਸਰਬ ਜੀਅ ਕਹ॥
ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ
ਕਰਮ ਕਰਤ ਸ ਸੂਕਰਹ॥੬੬॥

**ਪਦ ਅਰਥ** :—ਪਰ—ਪਰਾਇਆ । ਦਰਬ—ਧਨ । ਹਿਰਣੰ—ਚੋਰੀ ਕਰਨਾ। ਬਹੁ ਵਿਘਨ ਕਰਣੰ—ਬਹੁਤ ਵਿਘਨ (ਰੁਕਾਵਟਾਂ) ਪਾਉਣਾ। ਉਚਰਣੰ—ਉਚਾਰਨਾ, ਉਪਦੇਸ਼ ਕਰਨਾ। ਸਰਬ—ਸਾਰਿਆਂ ਨੂੰ। ਜੀਅ ਕਹ--ਜੀਵਾਂ ਪ੍ਰਤੀ, ਲੋਕਾਂ ਨੂੰ। ਲਉ ਲਈ ਤ੍ਰਿਸਨਾ--ਲੈਣ ਹੀ ਲੈਣ ਦੀ ਤ੍ਰਿਸ਼ਨਾ । ਅਤਿਪਤਿ--ਅਤ੍ਰਿਪਤੀ, ਅਸੰਤੋਖ। ਮਾਏ--ਮਾਇਆ। ਸ--ਸਦਰਸ਼, ਵਰਗੇ। ਸੂਕਰਹ--ਸੂਰ ।੬੬।

**ਅਰਥ** :--(ਸੁਆਰਥੀ ਮਨੁੱਖ ਆਪ ਤਾਂ) ਪਰਾਇਆ ਧਨ ਚੁਰਾਂਦੇ ਹਨ ਅਤੇ (ਆਪਣੇ ਸੁਆਰਥ ਹਿਤ) ਦੂਜਿਆਂ ਦੇ ਕੰਮਾਂ ਵਿਚ ਕਈ ਰੁਕਾਵਟਾਂ ਪਾਂਦੇ ਹਨ, ਪਰ (ਮੁਖ-ਚੁੰਚ-ਗਿਆਨੀ) ਹੋਰ ਸਾਰੇ ਜੀਵਾਂ ਪ੍ਰਤੀ (ਮਾਇਆ ਦੇ ਛਲ-ਛਿਦਰ ਤੋਂ ਬਚਣ ਦਾ ਉਪਦੇਸ਼ ਕਰਦੇ ਹਨ। ਉਹਨਾਂ ਦੇ ਆਪਣੇ ਮਨ ਦੀ ਮਾਇਆ ਇਕੱਤਰ ਕਰਨ ਦੀ ਤ੍ਰਿਸ਼ਨਾ ਕਦੇ ਬੁਝਦੀ ਨਹੀਂ। (ਤ੍ਰਿਸ਼ਨਾ ਦੇ ਮੁੱਠੇ ਹੋਏ ਸਦਾ) ਸੂਰਾਂ ਵਰਗੇ (ਗੰਦੇ-ਮੰਦੇ) ਕਰਮ ਕਰਦੇ ਰਹਿੰਦੇ ਹਨ ।੬੬।

**ਸਾਰੰਸ਼**:—ਮਾਇਆ ਦੀ ਤ੍ਰਿਸ਼ਨਾ ਮਨੁੱਖ ਦੀ ਜ਼ਮੀਰ ਨੂੰ ਮਾਰ ਕੇ ਉਸ ਤੋਂ ਘ੍ਰਿਣਤ ਕੰਮ ਕਰਵਾਉਂਦੀ ਹੈ।

ਮਤੇ ਸਮੇਵ ਚਰਣੰ
ਉਧਰਣੰ ਭੈ ਦੁਤਰਹ॥
ਅਨੇਕ ਪਾਤਿਕ ਹਰਣੰ
ਨਾਨਕ ਸਾਧ ਸੰਗਮ ਨ ਸੰਸਯਹ॥੬੭॥੪॥

**ਪਦ ਅਰਥ** :--ਮਤੇ—ਮਸਤ । ਸਮੇਵ—ਸਮੇਉ, ਸਮਾਉਣਾ । ਚਰਣੰ—(ਪ੍ਰਭੂ) ਚਰਨਾਂ ਵਿਚ। ਉਧਰਣੰ—ਉਧਰਦੇ ਹਨ, ਪਾਰ ਹੋ ਜਾਂਦੇ ਹਨ। ਭੈ ਦੁਤਰਹ—ਡਰਾਉਣਾ ਤੇ ਔਖਾ ਤਰਿਆ ਜਾਣ ਵਾਲਾ ਸੰਸਾਰ-ਸਮੁੰਦਰ। ਪਾਤਿਕ—ਪਾਪ। ਹਰਣੰ—ਦੂਰ ਹੋ ਜਾਂਦੇ ਹਨ। ਸਾਧ ਸੰਗਮ—ਸਾਧਾਂ ਦੀ ਸੰਗਤ ਵਿਚ। ਨ ਸੰਸਯਹ—ਕੋਈ ਸੰਸਾ ਨਹੀਂ ।੬੭।

**ਅਰਥ** :—ਜਿਹੜੇ ਜੀਵ ਪ੍ਰਭੂ ਦੇ ਪਿਆਰ ਵਿਚ ਮਸਤ ਹੋਏ, ਉਸ ਦੇ ਚਰਨਾਂ ਵਿਚ ਸਮਾਏ ਰਹਿੰਦੇ ਹਨ, ਉਹ ਕਠਨ ਤੇ ਡਰਾਉਣੇ ਸੰਸਾਰ-ਸਾਗਰ ਤੋਂ ਪਾਰ ਪੈ ਜਾਂਦੇ ਹਨ।

'ਨਾਨਕ'! (ਪ੍ਰਭੂ ਦੇ ਚਰਨਾਂ ਵਿਚ ਜੁੜੇ ਹੋਏ ਅਜਿਹੇ) ਸਤ-ਪੁਰਸ਼ਾਂ ਦੀ ਸੰਗਤ ਵਿਚ ਅਨੇਕ ਪਾਪ ਦੂਰ ਹੋ ਜਾਂਦੇ ਹਨ, ਇਸ ਵਿਚ ਰਤੀ ਸੰਦੇਹ ਨਹੀਂ।॥੬੭॥੪॥

**ਸਾਰੰਸ਼** :—ਪ੍ਰਭੂ-ਚਰਨਾਂ ਵਿਚ ਜੁੜੇ ਹੋਏ ਗੁਰਮੁਖਾਂ ਦੀ ਸੰਗਤ ਵਿਚ ਮਿਲਿਆਂ ਜਨਮ-ਜਨਮਾਂਤਰਾਂ ਦੇ ਪਾਪ ਕਟੇ ਜਾਂਦੇ ਹਨ।


www.AKJ.Org

# ਗੁਰੂ ਨਾਨਕ ਦੇਵ ਜੀ ਵਲੋਂ
# ਜੀਵਨ ਸ਼ੁਧੀ ਲਈ ਦਰਸਾਇਆ ਰਾਹ

[ਵਲੋਂ—ਸ: ਸਰੂਪ ਸਿੰਘ ਜੀ ਅਲਗ, ਭਾਸ਼ਾ ਅਫ਼ਸਰ, ਪੰਜਾਬ ਰਾਜ ਬਿਜਲੀ ਬੋਰਡ, ਪਟਿਆਲਾ]

ਸੰਸਾਰ ਵਿਚ ਸਿਖ ਧਰਮ ਦੀ ਸਥਾਪਨਾ ਨੂੰ ਇਕ ਸਥਾਨਕ ਤੇ ਸਧਾਰਨ ਘਟਨਾ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਤਾਂ ਇਕ ਅਜਿਹਾ ਮਹੱਤਵਪੂਰਨ ਵਾਕਿਆ ਹੈ ਜਿਸ ਦਾ ਅਸਰ ਅਜ ਸਾਰੀ ਦੁਨੀਆ ਕਬੂਲ ਰਹੀ ਹੈ। ਇਸ ਧਰਮ ਦੀ ਫ਼ਿਲਾਸਫ਼ੀ ਸਵੈ-ਸਪੱਸ਼ਟ ਤੇ ਨਿਰੋਲ ਮਨੁਖਵਾਦੀ ਹੋਣ ਕਾਰਨ ਜਾਤ-ਪਾਤ, ਕਰਮ-ਕਾਂਡ, ਭੇਦ-ਭਾਵ, ਊਚ-ਨੀਚ ਦੀਆਂ ਮਲਧਤਤ ਹੱਦਾਂ ਤੋੜਦੀ ਹੋਈ ਮਨੁਖ ਮਾਤਰ ਨੂੰ ਇਕ ਅਜਿਹੇ ਮਾਰਗ ਦਾ ਪਾਂਧੀ ਬਣਾਉਂਦੀ ਹੈ ਜਿਸ ਤੇ ਚਲਣ ਨਾਲ ਉਹ ਇਸ ਸੰਸਾਰ ਵਿਚ ਵਿਚਰਦਾ ਹੋਇਆ ਦੁਨਿਆਵੀ ਦੁਖਾਂ ਸੁਖਾਂ ਤੋਂ ਨਿਰਲੇਪ ਹੋ ਕੇ ਸਹਿਜ ਅਨੰਦ ਤੇ ਚੜ੍ਹਦੀ ਕਲਾ ਦਾ ਧਾਰਨੀ ਹੁੰਦਾ ਹੋਇਆ ਬਿਨਾਂ ਖਟਕੇ, ਭਟਕੇ ਤੇ ਅਟਕੇ, ਅਕਾਲ ਪੁਰਖ ਦੇ ਮੁਕਤੀ ਦਵਾਰ ਤੇ ਪਹੁੰਚ ਕੇ ਉਸ ਨਾਲ ਅਭੇਦ ਹੋ ਜਾਂਦਾ।

ਗੁਰੂ ਨਾਨਕ ਦੇਵ ਜੀ ਦੇ ਸੰਸਾਰ-ਆਗਮਨ ਤੋਂ ਪਹਿਲਾਂ ਕਰਮ ਮਾਰਗ, ਜੋਗ ਮਾਰਗ ਤੇ ਗਿਆਨ ਜਾਂ ਭਗਤੀ ਮਾਰਗ ਨੇ ਇਨਸਾਨ ਨੂੰ ਭੇਖੀ ਵਿਚਾਰਾਂ, ਜੋਖਮ ਜੀਵਨ ਤੇ ਨਿਰਸ ਪ੍ਰਯਤਨਾਂ ਵਿਚ ਜਕੜ ਕੇ ਉਸ ਦਾ ਜੀਣਾ ਦੁਭਰ ਕੀਤਾ ਹੋਇਆ ਸੀ। ਫ਼ਜ਼ੂਲ ਦੇ ਰਸਮਾਂ ਰਿਵਾਜਾਂ ਤੇ ਬਾਹਰੀ ਦਿਖਾਵੇ ਦੇ ਕਰਮਾਂ ਧਰਮਾਂ ਨੇ ਮਨੁਖ ਵਿਚ ਇਕ ਅਜਿਹਾ ਭਉ ਪੈਦਾ ਕੀਤਾ ਹੋਇਆ ਸੀ ਕਿ ਉਹ ਰੱਬ ਦੇ ਨਾਂ ਤੋਂ ਖ਼ਮ ਖਾਂਦਾ। ਅਤੇ ਜੇਕਰ ਉਸ ਦੀ ਪ੍ਰਾਪਤੀ ਦੀ ਲੋਚਾ ਕਰਦਾ ਤਾਂ ਉਸ ਦੀ ਪ੍ਰਾਪਤੀ ਵਿਚ ਇਤਨੇ ਕਸ਼ਟ ਝਲਦਾ ਕਿ ਉਹ ਆਮ ਜੀਵਨ ਤੋਂ ਟੁੱਟ ਜਾਂਦਾ। ਮਨੁੱਖ ਵਾਸੀ ਤੋਂ ਦੂਰ ਜੰਗਲਾਂ, ਬੇਲਿਆਂ ਤੇ ਪਹਾੜਾਂ ਦੀਆਂ ਗਾਰਾਂ ਵਿਚ ਜਾ ਲੁਕਦਾ ਅਤੇ ਆਪਣੇ ਸਰੀਰ ਨੂੰ ਤਰ੍ਹਾਂ ਤਰ੍ਹਾਂ ਦੇ ਕਸ਼ਟ ਤੇ ਤਸੀਹੇ ਦੇ ਕੇ ਅਕਾਲ ਪੁਰਖ ਦੀ ਅਰਾਧਨਾ ਕਰਕੇ ਉਸ ਦੀ ਨੇੜਤਾ-ਪ੍ਰਾਪਤੀ ਦੇ ਫੋਕਟ ਪ੍ਰਯਤਨਾਂ ਵਿਚ ਜੀਵਨ ਵਿਅਰਥ ਗਵਾਂਦਾ।

ਅਜਿਹੀ ਸਥਿਤੀ ਨੂੰ ਦੇਖਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਨੇ ਪ੍ਰੇਮਾ ਭਗਤੀ ਦਾ ਮਾਰਗ ਚਲਾਇਆ, ਪ੍ਰਚਲਤ ਰਿਵਾਜਾਂ ਤੇ ਪਖੰਡਾਂ ਨੂੰ ਕਈ ਢੰਗਾਂ ਨਾਲ ਖੰਡਤ ਕਰ ਕੇ ਇਕ ਸਦੀਵੀ ਤੇ ਨਿਰੰਤਰ ਧਰਮ ਪ੍ਰਕਾਸ਼ਮਾਨ ਕੀਤਾ, ਜਿਸ ਨੂੰ ਸਿੱਖ ਧਰਮ ਦਾ ਨਾਂ ਦਿਤਾ ਜਾਂਦਾ ਹੈ। ਪਹਿਲੇ ਪ੍ਰਚਲਤ ਧਰਮਾਂ ਦੇ ਮੁਕਾਬਲੇ ਵਿਚ ਗੁਰੂ ਨਾਨਕ ਦੇਵ ਜੀ ਦਾ ਇਹ ਨਵਾਂ ਮਨੁਖਤਾਵਾਦੀ ਪੰਥ ਇਕ ਅੰਦੋਲਨ-ਕਾਰੀ ਪ੍ਰਭਾਵ ਰਖਦਾ ਸੀ ਅਤੇ ਫੋਕਟ ਪਾਖੰਡਾਂ ਤੇ ਵਹਿਮਾਂ ਭਰਮਾਂ ਦੀ ਬਣੀ ਹੋਈ ਪ੍ਰਭੁਤਾ ਨੂੰ ਤੋੜਨ ਲਈ ਬਾਬੇ ਨਾਨਕ ਨੇ ਪ੍ਰਭਾਵਸ਼ਾਲੀ ਢੰਗਾਂ ਨਾਲ ਵੱਖ ਵੱਖ ਲੋਕਾਂ ਦੀਆਂ ਧਾਰਮਿਕ ਗਲਤ-ਫ਼ਹਿਮੀਆਂ ਤੋਂ ਨਿਜਾਤ ਦਿਵਾਉਣ ਦੇ ਉਪਰਾਲੇ ਕੀਤੇ ਤੇ ਪ੍ਰਚਲਤ ਕੁਰੀਤੀਆਂ ਵਿਚ ਗ੍ਰਸਤ ਹੋਏ ਭੋਲੇ ਭਾਲੇ ਮਨੁੱਖਾਂ ਨੂੰ ਇਹਨਾਂ ਵਿਚੋਂ ਕਢ ਕੇ ਰੱਬ ਦੀ ਪ੍ਰਾਪਤੀ ਦਾ ਸਿੱਧਾ ਰਾਹ ਦਰਸਾਇਆ। ਇਸ ਕਾਰਜ ਦੀ ਪੂਰਤੀ ਲਈ ਇਕੱਲੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ-ਕਾਲ ਵਿਚ ਲਗਪਗ ੩੦ ਹਜ਼ਾਰ ਮੀਲਾਂ ਦਾ ਸਫਰ ਕੀਤਾ, ਵੱਖ ਵੱਖ ਪਰਕਾਰ ਦੇ ਲੋਕਾਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਵੱਖ ਵੱਖ ਢੰਗ, ਦਲੀਲਾਂ ਤੇ ਤਰਕ ਅਪਣਾਏ, ਜਿਸ ਕਿਸੇ ਵਿਚ ਜਿਹੋ ਜਿਹੀ ਕਮੀ ਦੇਖੀ, ਉਸ ਨੂੰ ਉਸ ਮੁਤਾਬਕ ਹੀ ਢੰਗ ਵਰਤ ਕੇ ਸਮਝਾਇਆ।

ਸੰਨਿਆਸ ਲੈਣ ਵਾਲਿਆਂ, ਬਣਾਂ ਵਿਚ ਜਾ ਕੇ ਤਪੱਸਿਆ ਕਰਨ ਵਾਲਿਆਂ ਅਤੇ ਆਪਣੇ ਆਪ ਨੂੰ ਯੋਗ ਨਾਲ ਸਾਧ ਕੇ ਮੁਕਤੀ ਪ੍ਰਾਪਤ ਕਰਨ ਦੇ ਚਾਹਵਾਨਾਂ ਨੂੰ ਸਿਧੇ ਰਸਤੇ ਤੇ ਲਿਆਉਣ ਲਈ ਬੜੇ ਸਪੱਸ਼ਟ ਤੇ ਸਿਖਿਆ-ਦਾਇਕ ਢੰਗ ਨਾਲ ਕਿਹਾ ਕਿ ਦੁਨੀਆਦਾਰਾਂ ਨੂੰ ਛੱਡ ਕੇ ਫਿਰ ਉਨ੍ਹਾਂ ਇਨ੍ਹਾਂ ਦੇ ਬੂਹੇ ਤੇ ਹੀ ਭਿਖਿਆ ਮੰਗ ਕੇ ਗੁਜ਼ਾਰਾ ਕਰਨ ਵਾਲੇ ਸਾਧੋ, ਗਲਤ ਰਾਹ ਛਡੋ ਤੇ ਗ੍ਰਿਹਸਤੀ ਸੰਸਾਰ ਤੋਂ ਭਜੋ ਨਾ, ਅਕਾਲ ਪੁਰਖ ਵਲੋਂ ਇਥੇ ਤੁਹਾਨੂੰ ਕਰਮ ਕਰਨ ਲਈ ਭੇਜਿਆ ਗਿਆ ਹੈ. ਇਸ ਸੰਸਾਰ ਨੂੰ ਧਰਮਸਾਲ ਸਮਝੋ ਤੇ ਇਸ ਵਿਚ ਵਿਚਰਦੇ ਹੋਏ



www.AKJ.Org

ਆਪਣੀ ਆਤਮਾ ਦਾ ਸ਼ੀਸ਼ਾ ਇਤਨਾ ਸਾਫ਼ ਰਖੋ ਕਿ ਉਸ ਉਤੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੇ ਹਉਮੈ ਦੀ ਮੈਲ ਨਾ ਚੜ੍ਹੇ ਤੇ ਤੁਹਾਨੂੰ ਆਪਣਾ ਮੂਲ ਸੋਮਾ ਅਕਾਲ ਪੁਰਖ ਵਾਹਿਗੁਰੂ ਪ੍ਰਤਖ ਦਿਸਦਾ ਰਹੇ। ਤੁਹਾਡੀਆਂ ਕਾਮੀ ਰੁਚੀਆਂ, ਦੈਵੀ ਰੁਚੀਆਂ ਵਿਚ ਬਦਲ ਕੇ ਮਨੁਖਤਾ ਨਾਲ ਵਧੇਰੇ ਸਾਂਝ, ਭਰਾਤਰੀ ਭਾਵ ਅਤੇ ਨਿਕਟ ਸੰਗਤ ਦਾ ਪ੍ਰਗਟਾਵਾ ਕਰਦੀਆਂ ਹੋਈਆਂ ਉਧਰ ਪਰਮਾਤਮਾ ਨਾਲ ਤੁਹਾਨੂੰ ਜੋੜਨ ਤੇ ਇਧਰ ਮਨੁਖਤਾ ਨਾਲ ਇਕ-ਮਿਕ ਕਰੀ ਰਖਣ, ਜਿਹੜੀ ਕਿ ਉਸ ਅਕਾਲ ਪੁਰਖ ਦਾ ਹੀ ਸਰਗੁਣ ਰੂਪ ਹੈ। ਇਸ ਲਈ ਇਸ ਸੰਸਾਰ ਦੇ ਪਸਾਰੇ ਨੂੰ ਮੋਹ-ਮਾਇਆ ਕਹਿ ਕੇ ਤਿਆਗਣ ਦੀ ਥਾਂ ਇਸ ਨੂੰ ਸੱਚੇ ਅਕਾਲ ਪੁਰਖ ਦਾ ਨਿਵਾਸ ਸਮਝੋ।

ਇਸ ਪ੍ਰਕਾਰ ਦੀ ਫਿਲਾਸਫ਼ੀ, ਚਲਦੀ ਰੌਅ ਵਿਚ ਇਕ ਟੇਢੀ ਲੀਕ ਸੀ, ਨਵੀਂ ਪਗਡੰਡੀ ਸੀ, ਪਰ ਗੁਰੂ ਨਾਨਕ ਦੇਵ ਜੀ ਅਤੇ ਮਗਰੋਂ ਸਿਖ ਗੁਰੂਆਂ ਨੇ ਇਸ ਨੂੰ ਇਤਨੇ ਪ੍ਰਭਾਵ ਨਾਲ ਉਲੀਕਿਆ ਅਤੇ ਆਪਣੇ ਅਮਲੀ ਜੀਵਨ ਨਾਲ ਲੋਕਾਂ ਦਾ ਅਜਿਹਾ ਨਿਗਰ ਪਥ-ਪਰਦਰਸ਼ਨ ਕੀਤਾ ਕਿ ਇਹ ਪਗਡੰਡੀ ਆਪਣੇ ਬੇਨਜ਼ੀਰ ਗੁਣਾਂ ਕਾਰਨ ਸਾਡੀ ਰਾਹ ਬਣ ਗਈ, ਜਿਸ ਤੇ ਚਲਦਿਆਂ ਹੋਇਆਂ ਸਹਿਜ ਸੁਭਾ ਹੀ ਸੰਸਾਰਕ ਸਫ਼ਰ ਕਟਣ ਉਪਰੰਤ ਮੰਜ਼ਲੇ-ਮਕਸੂਦ ਤੇ ਅਪੜਨਾ ਸੰਭਵ ਤੇ ਸੁਖਾਲਾ ਹੋਇਆ। ਰਿਧੀਆਂ ਸਿਧੀਆਂ ਦੀ ਪ੍ਰਾਪਤੀ ਲਈ ਜਫਰ ਜਾਲਦੇ ਹਿਰਦਿਆਂ ਨੂੰ ਕਿਹਾ ਕਿ ਤੁਸੀਂ ਇਨ੍ਹਾਂ ਪਿਛੇ ਭਟਕ ਰਹੇ ਹੋ, ਇਹ ਤਾਂ ਮੇਰੇ ਮਰਜੀਵੜੇ ਸਿਖ ਦੀ ਜ਼ਬਾਨ ਤੇ ਦਾਸੀਆਂ ਵਜੋਂ ਖੜੀਆਂ ਹਨ।

ਅਮਲੀ ਜੀਵਨ ਦੀ ਮਹਾਨਤਾ ਨੂੰ ਦਰਸਾਂਦਿਆਂ ਹੋਇਆਂ ਬਖਸ਼ਸ਼ ਕੀਤੀ ਕਿ ਗੁਰੂ ਦਾ ਸਿਖ ਆਪਣੇ ਨੇਕ ਕਾਰਜਾਂ ਅਤੇ ਰਹਿਤ ਮਰਯਾਦਾ ਵਾਲ ਜੀਵਨ ਕਾਰਨ ਮਰ ਕੇ ਮੁਕਤੀ ਦੀ ਪ੍ਰਾਪਤੀ ਲਈ ਨਹੀਂ ਉਡੀਕਦਾ, ਉਹ ਤਾਂ ਆਪਣੇ ਜੀਵਨ-ਕਾਲ ਵਿਚ ਹੀ ਮੁਕਤ ਹੈ। ਉਨ੍ਹਾਂ ਹੋਰ ਦਸਿਆ ਕਿ ਜਿਸ ਇਨਸਾਨ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਸਮਾਇਆ ਹੋਇਆ ਹੈ, ਜਿਸ ਨੇ ਮਨ ਨੂੰ ਸੰਤੋਖ ਵਿਚ ਬੰਨ੍ਹ ਲਿਆ ਹੈ; ਜਿਸ ਦੇ ਹੱਥ ਨੇਕ ਕਮਾਈ ਵਿਚ ਲਗਨਸ਼ੀਲ ਹਨ, ਉਸ ਨੂੰ ਮੁਕਤੀ ਦੀ ਚੇਸ਼ਟਾ ਹੀ ਨਹੀਂ ਕਰਨੀ ਚਾਹੀਦੀ। ਮਰ ਕੇ ਮੁਕਤੀ ਦੀ ਪ੍ਰਾਪਤੀ ਦੇ ਚਾਹਵਾਨਾਂ ਸਾਹਮਣੇ ਜੀਂਦੇ ਜਾਗਦੇ ਮੁਕਤੀ ਧਾਰਨ ਕਰਨ ਵਾਲੇ ਅਸੂਲਾਂ ਦਾ ਪ੍ਰਗਟਾਵਾ ਕਿਤਨੀ ਇਨਕਲਾਬੀ ਗੱਲ ਹੈ, ਜਿਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦਾ ਧਿਆਨ ਦਿਵਾਇਆ ਅਤੇ ਰੱਬ ਦੀ ਸਰਬ ਵਿਆਪੀ ਹੋਂਦ ਨੂੰ ਭਿੰਨ ਭਿੰਨ ਪਰਕਾਰ ਦੇ ਲੋਕਾਂ ਨੂੰ ਸਮਝਾਣ ਲਈ ਉਨ੍ਹਾਂ ਨੇ ਕਈ ਵਾਰੀ ਬੜੇ ਹੀ ਡਰਾਮਈ ਅਨੋਖੇ ਢੰਗ ਵੀ ਵਰਤੇ, ਜਿਨ੍ਹਾਂ ਨੂੰ ਯਾਦ ਕਰ ਕੇ ਅਜ ਵੀ ਹਰ ਕੋਈ ਉਨ੍ਹਾਂ ਦੀ ਅਦੁਤੀ ਤੇ ਨਵੀਨਤਮ ਸੋਚ ਤੇ ਹੈਰਾਨ ਹੋ ਜਾਂਦਾ ਹੈ।

ਔਰਤਾਂ ਨੂੰ ਮਨੁਖ ਦੀ ਦਾਸੀ, ਬੱਚੇ ਪੈਦਾ ਕਰਨ ਦਾ ਸਾਧਨ, ਮਰਦ ਦੀ ਕਾਮ-ਤ੍ਰਿਸ਼ਨਾ ਲਈ ਮਲੂਕ ਚੀਜ਼ ਸਮਝਣ ਵਾਲਿਆਂ ਦੀ ਜ਼ਮੀਰ ਨੂੰ ਝੰਜੋੜ ਕੇ ਅਹਿਸਾਸ ਕਰਵਾਇਆ ਕਿ ਜਿਸ ਦੀ ਕੁਖੋਂ ਰਾਜਿਆਂ ਮਹਾਰਾਜਿਆਂ ਸੰਤਾਂ ਪੀਰਾਂ ਨੇ ਜਨਮ ਲੈ ਕੇ ਮਖ਼ਲੂਕਾਤ ਦਾ ਕਲਿਆਨ ਕੀਤਾ ਹੈ ਉਹ ਔਰਤ ਮੰਦੀ, ਨੀਚ ਤੇ ਫਜ਼ੂਲ ਕਿਵੇਂ ਹੋ ਸਕਦੀ ਹੈ। ਔਰਤ ਦੀ ਮੰਦਹਾਲੀ ਬਾਰੇ ਗੁਰੂ ਜੀ ਵਲੋਂ ਕਹੇ ਗਏ ਇਹ ਦਲੇਰਾਨਾ ਸ਼ਬਦ ਭਾਵੇਂ ਸਮੇਂ ਦੀ ਰੀਤ ਮੁਤਾਬਕ ਬਿਲਕੁਲ ਉਲਟੇ ਸਨ, ਪਰ ਸਮਾਜ ਦੀ ਬਿਹਤਰੀ ਲਈ ਸਿੱਧਾ ਅਸਰ ਪਾਏ ਬਿਨਾਂ ਨਾ ਰਹੇ ਤੇ ਔਰਤ ਦਾ ਮਾਣ ਵਧਾਉਣ ਵਿਚ ਕਾਰਗਰ ਸਿਧ ਹੋਏ। ਉਸ ਸਮੇਂ ਦੇ ਸਮਾਜ ਵਿਚ ਅਜਿਹੀ ਦਲੇਰਾਨਾ ਗੱਲ ਕਰਨਾ ਇਕ ਭਰਵੀਂ ਸ਼ਲਾਘਾ ਦੀ ਲਖਾਇਕ ਹੈ, ਕਿਉਂਕਿ ਕਿਸ ਵੀ ਧਾਰਮਕ ਆਗੂ ਨੇ ਇਨ੍ਹਾਂ ਤੋਂ ਪਹਿਲਾਂ ਔਰਤ ਦੀ ਮੰਦਹਾਲੀ ਬਾਰੇ ਇਤਨੀ ਜ਼ੋਰਦਾਰ ਅਵਾਜ਼ ਬੁਲੰਦ ਨਹੀਂ ਸੀ ਕੀਤੀ।

ਊਚ ਨੀਚ ਦੀ ਕਰੜੀ ਬੰਦਸ਼ ਨੇ ਨੀਵੇਂ ਵਰਗ ਦੇ ਲੋਕਾਂ ਦੀ ਜ਼ਿੰਦਗੀ ਪਸ਼ੂ ਦੀ ਜ਼ਿੰਦਗੀ ਨਾਲੋਂ ਵੀ ਬਦਤਰ ਕਰ ਦਿਤੀ ਹੋਈ ਸੀ, ਇਸ ਲਈ ਇਸ ਖੇਤਰ ਵਿਚ ਸੁਧਾਰ ਲਿਆਉਣ ਲਈ ਬਹੁਤ ਬਲਵਾਨ ਅਵਾਜ਼ ਦੀ ਲੋੜ ਸੀ, ਜਿਸ ਬਾਰੇ ਗੁਰੂ ਨਾਨਕ ਹਮੇਸ਼ਾ ਕਰਮਸ਼ੀਲ ਰਹੇ। ਅਤੇ ਉਸ ਸਮੇਂ ਦੇ ਦਲਤ ਵਰਗ ਨੂੰ ਵੀ ਰੱਬੀ ਸੁਨੇਹੇ ਦਾ ਪਾਤਰ ਬਣਾਉਣ ਲਈ ਉਨ੍ਹਾਂ ਦੀ ਸੰਗਤ ਕੀਤੀ, ਉਨ੍ਹਾਂ ਨੂੰ ਅਗਵਾਈ ਦਿਤੀ, ਉਪਦੇਸ਼ ਦਿਤੇ ਤੇ ਉਨ੍ਹਾਂ ਦੀ ਪ੍ਰਚਲਤ


www.AKJ.Org

ਭਾਸ਼ਾ ਵਿਚ ਰੱਬੀ ਕਲਾਮ ਰਚਿਆ, ਤਾਂ ਜੁ ਉਹ ਵੀ ਯੋਗ ਲਾਭ ਲੈ ਸਕਣ ।

ਇਸ ਦੇ ਨਾਲ ਹੀ ਨੇਕ ਕਮਾਈ ਲਈ ਮਨੁਖ ਨੂੰ ਪੁਰਜ਼ੋਰ ਪਰੇਰਨਾ ਦਿਤੀ। ਉਹ ਜਾਣਦੇ ਸਨ ਕਿ ਜੀਭ ਦੇ ਰਸ ਦਾ ਆਨੰਦ ਲੈਣ ਲਈ ਚਿਕੜੀਆਂ ਚੋਪੜੀਆਂ ਰੋਟੀਆਂ ਅਤੇ ਵਧੀਆ ਪਕਵਾਨ ਹਰ ਕਿਸੇ ਨੂੰ ਭਾਉਂਦੇ ਹਨ, ਪਰ ਹੰਕਾਰੀ ਦਾ ਹੰਕਾਰ ਤੋੜਨ ਅਤੇ ਸੇਵਕ ਦਾ ਸਤਿਕਾਰ ਬਨਾਉਣ ਲਈ ਮਲਕ ਭਾਗੋ ਦੀ ਹਰਾਮ ਦੀ ਕਮਾਈ ਤੇ ਛੱਤੀ ਪਦਾਰਥ ਛਡ ਕੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਅੰਮ੍ਰਿਤ ਸਮਝ ਕੇ ਛਕ ਕੇ ਇਹ ਲੀਹ ਪਾਈ ਕਿ ਨੇਕ ਕਿਰਤ, ਲੁਟ ਖਸੁਟ ਨਾਲੋਂ ਕਿਤੇ ਵਧ ਪਰਵਾਨ ਹੈ ਅਤੇ ਅਜਿਹੇ ਕਿਰਤ ਵਾਲੇ ਮਨੁਖ ਦੇ ਸਾਦੇ ਭੋਜਨ ਵਿਚ ਅਜਿਹੇ ਗੁਣ ਹਨ ਜਿਹੜੇ ਮਨੁਖ ਦੀ ਬੁਧੀ ਨੂੰ ਮਲੀਨ ਹੋਣ ਦੀ ਥਾਂ ਉਸ ਨੂੰ ਸਵੱਛਤਾ ਪ੍ਰਦਾਨ ਕਰਦੇ ਹਨ। ਗੁਰੂ ਜੀ ਦੇ ਇਸ ਸਿਖਿਆਦਾਇਕ ਕੋਤਕੀ ਕਰਮ ਨਾਲ ਸਮਾਜੀ ਕਦਰਾਂ ਵਿਚ ਅਜਿਹਾ ਪ੍ਰਵਰਤਨ ਆਇਆ ਜਿਸ ਨਾਲ ਨੇਕੀ ਅਤੇ ਨੇਕਨੀਤੀ ਨੂੰ ਸ਼ਕਤੀ ਮਿਲੀ।

ਅਸਲੀਅਤ ਤਾਂ ਇਹ ਹੈ ਕਿ ਉਨ੍ਹਾਂ ਦੇ ਸਾਰੇ ਗੁਣਾਂ ਦਾ ਵਰਨਣ ਕਰਨਾ ਮਨੁਖੀ ਕਲਮ ਦੀ ਸਮਰਥਾ ਤੋਂ ਬਾਹਰਲੀ ਗੱਲ ਹੈ। ਪਰ ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਜੇਕਰ ਅਜ ਅਸੀਂ ਉਨ੍ਹਾਂ ਦਾ ਪਰਕਾਸ਼-ਉਤਸ਼ਵ ਮਨਾ ਕੇ ਇਸ ਗੱਲ ਦੀ ਪ੍ਰਤੱਗਿਆ ਲੈ ਲਈਏ ਕਿ ਅਸੀਂ ਗੁਰੂ ਨਾਨਕ ਦੇਵ ਜੀ ਵਲੋਂ ਦਰਸਾਏ ਮਹਾਨ ਅਧਿਆਤਮਕ ਸਮਾਜਕ ਤੇ ਇਖਲਾਕੀ ਫ਼ਲਸਫੇ ਨੂੰ ਆਪਣੇ ਜੀਵਨ ਵਿਚ ਢਾਲ ਕੇ ਇਕ ਆਦਰਸ਼ਕ ਮਨੁਖ ਵਾਂਗ ਵਿਚਰਨ ਦਾ ਉਪਰਾਲਾ ਕਰਾਂਗੇ, ਜਿਸ ਵਿਚ ਸਹਿਜ ਸੁਭਾਏ ਹੀ ਦੂਜੇ ਪ੍ਰਤੀ ਹਮਦਰਦੀ ਹੋਵੇ, ਪਿਆਰ ਹੋਵੇ, ਅਪਣੱਤ ਹੋਵੇ ਤੇ ਸਿਕ ਹੋਵੇ। ਤਦ ਇਹ ਸੰਸਾਰ ਸਭ ਮਨੁਖਾਂ ਲਈ ਦੁਖਾਂ ਦੇ ਘਰ ਦੀ ਥਾਂ ਸੁਖਾਂ ਦਾ ਸੋਮਾ ਬਣ ਸਕਦਾ ਹੈ। ਅਤੇ ਸੁੱਖ ਵੀ ਉਹ, ਜਿਹੜੇ ਆਤਮਾ ਨੂੰ ਪਰਫੁਲਤਾ ਕਰਨ ਵਿਚ ਸਹਾਈ ਸਿਧ ਹੋਵੇ। ਇਨਸਾਨੀ ਭਾਈਚਾਰਾ ਜੇ ਇਨ੍ਹਾਂ ਸੋਚਾਂ ਤੇ ਚਲਣ ਲਗ ਪਵੇ ਤਾਂ ਹਰ ਮਨੁਖ ਨੂੰ ਹਰ ਪਾਸੇ ਅਕਾਲ ਪੁਰਖ ਦਾ ਆਪਣਾ ਹੀ ਪਸਾਰਾ ਨਜ਼ਰ ਆਵੇਗਾ।

---

## ਸੂਰਾ ਪੱਤਰ ਦੇ ਚੰਦੇ

ਪਾਠਕਾਂ ਦੀ ਸੇਵਾ ਵਿਚ ਨਵੰਬਰ ੯੧ ਦੇ ਪਰਚੇ ਵਿਚ ਬੇਨਤੀ ਕੀਤੀ ਗਈ ਸੀ ਕਿ ਖ਼ਰਚਾਂ ਦੇ ਬਹੁਤ ਵਧ ਜਾਣ ਦੀ ਮਜਬੂਰੀ ਕਾਰਨ ਚੰਦਾ ਹੁਣ 15/- ਰੁਪਏ ਸਾਲ ਕਰ ਦਿਤਾ ਗਿਆ ਹੈ। ਜਿਨ੍ਹਾਂ ਸਜਣਾਂ ਵਲੋਂ ਅਜੇ ਦਸ ਰੁਪਏ ਦੇ ਮਨੀਆਰਡਰ ਪੁਜ ਰਹੇ ਹਨ ਉਨ੍ਹਾਂ ਦਾ ਚੰਦਾ ਸਾਲ ਦੀ ਬਜਾਏ ਅਠ ਮਹੀਨਿਆਂ ਦਾ ਜਮ੍ਹਾ ਕੀਤਾ ਜਾਂਦਾ ਹੈ। ਸੋ ਹੁਣ ਚੰਦਾ ਇਕ ਸਾਲ ਲਈ ਪੰਦਰ੍ਹਾਂ ਰੁਪਏ ਭੇਜੋ।

ਅਮਾਨਤੀ ਲਾਈਫ਼ ਮੈਂਬਰਾਂ ਪਾਸ ਭੀ ਬੇਨਤੀ ਕੀਤੀ ਸੀ ਕਿ ਗਾਹਕਾਂ ਦੀ ਰਕਮ ਤਾਂ ਬੈਂਕ ਪਾਸ ਆਮਨਤ ਪਈ ਹੈ, ਅਸਾਂ ਤਾਂ ਕੇਵਲ ਚੰਦਾ ਸੂਦ ਵਿਚੋਂ ਵਸੂਲ ਕਰਨਾ ਹੈ। ਹੁਣ ਰਕਮ 150/–ਰੁਪਏ ਹੋਵੇ ਤਾਂ ਸੂਦ 15/–ਰੁਪਏ ਸਾਲ ਮਿਲਣਾ ਹੈ। ਸਮੂਹ ਅਮਾਨਤੀ ਲਾਈਫ਼ ਮੈਂਬਰਾਂ ਪਾਸ ਅਪੀਲ ਹੈ ਕਿ ਉਹ ਪੰਜਾਹ ਪੰਜਾਹ ਰੁਪਏ ਹੋਰ ਭੇਜ ਦੇਣ ਤਾਕਿ ਉਨ੍ਹਾਂ ਦੇ ਹਿਸਾਬ ਵਿਚ ਬੈਂਕ ਵਿਚ ਜਮ੍ਹਾ ਕਰਵਾ ਦਿਤੇ ਜਾਣ ਅਤੇ ਸੂਦ ਵਿਚੋਂ ਸਾਨੂੰ ਪੰਦਰ੍ਹਾਂ ਰੁਪਏ ਸਾਲ ਦਾ ਚੰਦਾ ਮਿਲਦਾ ਰਵੇ।

ਦਾਸ–ਮੈਨੇਜਰ

## ਪਾਰੋਵਾਲ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣਸਬਾਈ ਕੀਰਤਨ

ਭਾਈ ਅਵਤਾਰ ਸਿੰਘ ਸਰਬਜੀਤ ਸਿੰਘ ਜੀ ਪਾਰੋਵਾਲ ਸੂਚਤ ਕਰਦੇ ਹਨ ਕਿ ਅਖੰਡ ਕੀਰਤਨੀ ਜਥਿਆਂ ਵਲੋਂ ਪਾਰੋਵਾਲ ਵਿਖੇ ੧੯ ਦਸੰਬਰ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ ਹੋਣਗੇ। ਸ੍ਰੀ ਅੰਮ੍ਰਿਤਸਰ ੨–ਅਜੀਤ ਨਗਰ ਤੋਂ ਸ਼ਾਮ ੬ ਵਜੇ ਇਕ ਬਸ ਪਾਰੋਵਾਲ ਲਈ ਚਲੇਗੀ।

**ਪੁਛ ਗਿਛ** :– ਵਰਿੰਦਰ ਸਿੰਘ ਸਤਵੰਤ ਸਿੰਘ ਖਾਲਸਾ, ਕਰਿਆਨਾ ਮਰਚੈਂਟਸ, ਪਾਰੋਵਾਲ (ਗੁਰਦਾਸਪੁਰ)



www.AKJ.Org

# ਗੁਰਬਾਣੀ ਵੀਚਾਰ

ਵੈਦੋ ਨ ਵਾਈ ਭੈਣੋ ਨ ਭਾਈ, ਏਕੋ ਸਹਾਈ ਰਾਮੁ ਹੇ ॥੧॥
ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ ਸੋ ਸਿਮਰਹੁ ਪਰਧਾਨੁ ਹੇ ॥੨॥
ਘਟਿ ਘਟੇ ਵਾਸੀ ਸਰਬ-ਨਿਵਾਸੀ ਅਸਥਿਰੁ ਜਾ ਕਾ ਥਾਨੁ ਹੇ ॥੩॥
ਆਵੈ ਨ ਜਾਵੈ ਸੰਗੇ ਸਮਾਵੈ ਪੂਰਨ ਜਾ ਕਾ ਕਾਮੁ ਹੇ ॥੪॥
ਭਗਤ ਜਨਾ ਕਾ ਰਾਖਣਹਾਰਾ ॥ ਸੰਤ ਜੀਵਹਿ ਜਪਿ ਪ੍ਰਾਨ ਆਧਾਰਾ ॥
ਕਰਨ ਕਰਾਵਨ ਸਮਰਥੁ ਸੁਆਮੀ, ਨਾਨਕੁ ਤਿਸੁ ਕੁਰਬਾਨ ਹੇ ॥੫॥੨॥੩੨॥

[ਮਾਰੂ ਮਹਲਾ ੫, ਪੰਨਾ ੨੦੦੮

**ਪਦ ਅਰਥ** :–ਵੈਦੋ–ਵੈਦ, ਹਕੀਮ। ਵਾਈ–ਜ਼ਮਾਨਤੀ, ਸ਼ਾਅਦੀ ਭਰਨ ਵਾਲਾ ਅਥਵਾ ਸਖਾਈ। ਜਿਸੋ–ਜਿਸੁ। ਮਲੋ–ਮਲੁ, ਮੈਲ। ਘਟਿ ਘਟੇ ਵਾਸੀ–ਹਰੇਕ ਹਿਰਦੇ ਵਿਚ ਨਿਵਾਸ ਰਖਣ ਵਾਲਾ। ਸਮਾਵੈ–ਸਮਾਉਂਦਾ ਹੈ, ਵਸਦਾ ਹੈ।

**ਅਰਥ** :–ਨ (ਕੋਈ) ਵੈਦ ਨਾ ਸਖਾਈ, ਨਾ (ਕੋਈ) ਭੈਣ ਭਰਾ (ਅੰਤ ਵੇਲੇ ਸਹਾਈ ਬਣੇਗਾ), ਕੇਵਲ ਇਕ ਵਾਹਿਗੁਰੂ ਹੀ ਸਹਾਈ ਹੋ ਸਕਦਾ ਹੈ।੧।

ਜਿਸ ਵਾਹਿਗੁਰੂ ਦਾ ਕੀਤਾ ਹੋਇਆ (ਸਭ ਕੁਝ) ਹੁੰਦਾ ਹੈ, ਉਸ ਸਿਰਮੌਰ ਵਾਹਿਗੁਰੂ ਦਾ ਨਾਮ ਸਿਮਰਨਾ ਕਰੋ, (ਜਿਸ ਨਾਮ ਦੇ ਸਿਮਰਿਆਂ) ਪਾਪਾਂ ਦੀ (ਸਾਰੀ) ਮੈਲ ਧੋਤੀ ਜਾਂਦੀ ਹੈ।੨।

ਉਹ ਵਾਹਿਗੁਰੂ ਹਰੇਕ ਜੀਵ ਵਿਚ ਵਸ ਰਿਹਾ ਹੈ, ਉਹ ਸਭ ਥਾਵਾਂ ਵਿਚ ਵਿਆਪਕ ਹੋ ਰਿਹਾ ਹੈ ਅਤੇ ਜਿਸ ਦਾ ਅਸਥਾਨ ਸਦਾ ਅਟੱਲ ਹੈ।੩।

ਉਹ ਵਾਹਿਗੁਰੂ (ਜਨਮਾਂ ਜੂਨੀਆਂ ਦੇ ਗੇੜਾਂ ਵਿਚ) ਆਉਂਦਾ ਜਾਂਦਾ ਨਹੀਂ, ਸਗੋਂ ਹਰੇਕ ਦੇ ਨਾਲ ਨਿਰੰਤਰ ਵਸਦਾ ਹੈ ਅਤੇ ਜਿਸ ਦਾ ਕੀਤਾ ਹੋਇਆ ਇਹ ਜਗਤ-ਪ੍ਰਬੰਧ ਸੰਪੂਰਨ ਹੈ।੪।

ਉਹ ਵਾਹਿਗੁਰੂ ਭਗਤਾਂ ਦਾ ਰਖਵਾਲਾ ਹੈ। ਐਸੇ ਪ੍ਰਾਣਾਂ ਦੇ ਆਸਰੇ ਵਾਹਿਗੁਰੂ ਨੂੰ ਸੰਤ-ਭਗਤ ਜਪ ਜਪ ਕੇ (ਸੱਚੀ ਜੀਵਨੀ) ਜੀਉਂਦੇ ਹਨ। ਉਹ ਵਾਹਿਗੁਰੂ ਸਭ ਦਾ ਸੁਆਮੀ (ਮਾਲਕ) ਹੈ ਅਤੇ ਸਭ ਕੁਝ ਕਰਨ ਕਰਾਉਣ ਦੇ ਸਮਰਥ ਹੈ। ਐਸੇ ਸਮਰਥ ਸੁਆਮੀ ਵਾਹਿਗੁਰੂ ਤੋਂ ਨਾਨਕ ਸਦਕੇ ਜਾਂਦਾ ਹੈ।੫।

**ਭਾਵ** :–ਇਸ ਸੰਸਾਰ-ਸਮੁੰਦਰ ਵਿਚ ਮਨੁਖ ਦਾ ਸਰਬ ਕਲਾ ਸਮਰਥ ਵਾਹਿਗੁਰੂ ਤੋਂ ਬਿਨਾਂ ਕੋਈ ਭੈਣ–ਭਰਾ ਅੰਤ ਵੇਲੇ ਸਹਾਈ ਨਹੀਂ ਹੋ ਸਕਦਾ, ਇਸ ਲਈ ਪ੍ਰਾਣੀ ਨੂੰ ਪਾਪਾਂ ਤੋਂ ਬਚਣ ਲਈ ਕੇਵਲ ਵਾਹਿਗੁਰੂ ਨਾਮ ਹੀ ਸਿਮਰਨਾ ਚਾਹੀਦਾ ਹੈ।

---

# ਨੰਦਪੁਰ ਕਲੌੜ(ਬਸੀ ਪਠਾਣਾਂ)ਵਿਖੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਮਨਾਣ ਲਈ ਅਤੇ ਸੰਤ ਭਾਈ ਜਵਾਲਾ ਸਿੰਘ ਜੀ ਦੀ ਯਾਦ ਵਿਚ ੧ ਦਸੰਬਰ ਤੇ ੩ ਦਸੰਬਰ ਨੂੰ ਦੋ ਸ੍ਰੀ ਅਖੰਡ ਪਾਠ ਰਖੇ ਜਾਣਗੇ। ਪੰਜ ਦਸੰਬਰ ਸ਼ਨੀਵਾਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ੧੨ ਵਜੇ ਤਕ ਕੀਰਤਨ ਹੋਣਗੇ। ਸ਼ਾਮ ੪ ਵਜੇ ਅੰਮ੍ਰਿਤ ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਖ਼ਰੀ ਬਸ ਸ਼ਾਮ ੫ ਵਜੇ ਬਸੀ ਤੇ ਅਨੰਦ ਕਲੌੜ ਨੂੰ ਮਿਲਦੀ ਹੈ।

ਦਾਸਰੇ–ਅਖੰਡ ਕੀਰਤਨੀ ਜਥਾ, ਰੂਪ ਨਗਰ।



www.AKJ.Org

# ਰੰਘਰੇਟਾ ਗੁਰੂ ਕਾ ਬੇਟਾ

ਵਲੋਂ :—ਗਿਆਨੀ ਗੋਪਾਲ ਸਿੰਘ ਜੀ ਮਿੱਤਰ ਮਾਲਬ (ਗੁੜਗਾਉਂ)

ਜੀਵਨ-ਦਾਤੇ ਸਤਿਗੁਰੂ ਦਾ ਸੀਸ ਲੈ ਕੇ 'ਜੈਤਾ' ਤੁਰ ਪਿਆ ਪੁਰੀ ਅਨੰਦ ਵੰਨੀ।
ਉਹ ਦੀ ਅੱਖ ਸੀ ਗੁਰੂ ਗੋਬਿੰਦ, ਨੌਵੇਂ-ਗੁਰੂ ਤੇਗ ਬਹਾਦਰ ਫ਼ਰਜ਼ੰਦ ਵੰਨੀ।
ਲੁਕ ਛਿਪ ਕੇ ਰਾਤ ਨੂੰ ਸਫ਼ਰ ਕਰਦਾ, ਛੇਤੀ ਨਾਲ ਉਹ ਮਨਜ਼ਲ ਮੁਕਾ ਰਿਹਾ ਸੀ।
ਪਾਵਨ ਸੀਸ ਲਪੇਟਿਆ ਚਾਦਰੇ ਵਿਚ, ਰਖ ਕੇ ਸੀਸ ਤੇ ਸੋਚਦਾ ਜਾ ਰਿਹਾ ਸੀ।
ਹੁੰਦੇ ਰਹਿਣਗੇ ਏਦਾਂ ਹੀ ਜ਼ੁਲਮ ਜਗ ਤੇ, ਭਾਰਤ ਏਦਾਂ ਹੀ ਹੁੰਦਾ ਪਾਮਾਲ ਰਹਿਸੀ ?
ਧਰਮ ਏਦਾਂ ਹੀ ਹੱਥੀਂ ਜਰਵਾਣਿਆਂ ਦੇ, ਸਦਾ ਲਈ ਹੀ ਹੁੰਦਾ ਹਲਾਲ ਰਹਿਸੀ ?
ਡੋਲੇ ਦੇ ਕੇ ਮੁਗਲਾਂ ਨੂੰ ਰਾਜਪੂਤਾਂ, ਗ਼ੈਰਤ ਅਣਖ ਹੈ ਆਪਣੀ ਗੁਆ ਦਿਤੀ।
ਮਰ ਗਏ ਮਰਹੱਟੇ ਵੀ ਸਦਾ ਦੇ ਲਈ, ਪੱਤ ਆਬਰੂ ਮਿੱਟੀ ਰੁਲਾ ਦਿਤੀ।
ਚੂਹੇ ਬਣੇ ਰਾਠੌਰ ਚੋਹਾਨ ਸਾਰੇ, ਥਰ ਥਰ ਪਏ ਨੁਰੰਗੇ ਤੋਂ ਕੰਬਦੇ ਨੇ।
ਕੋਈ ਰਿਹਾ ਨਹੀਂ ਇਹਨੂੰ ਹਿਲਾਣ ਜੋਗਾ, ਬੀਰ ਭਾਰਤੀ ਸਾਰੇ ਹੀ ਸੰਗਦੇ ਨੇ।
ਕਰ ਕੇ ਪਿਤਾ ਨੂੰ ਕੈਦ ਇਸ ਮਾਰਿਆ ਏ, ਹੱਥ ਰੰਗੇ ਭਰਾਵਾਂ ਦਾ ਖ਼ੂਨ ਕਰ ਕੇ।
ਬੁਰਕਾ ਦੀਨ ਦਾ ਏਸ ਨੇ ਓਢਿਆ ਏ, ਹੁਕਮ ਸ਼ਰਹ ਦਾ ਲਾਗੂ ਕਾਨੂੰਨ ਕਰ ਕੇ।
ਦੀਵੇ ਜਗਦੇ ਹੋਏ ਹਿੰਦੂ ਘਰਾਣਿਆਂ ਦੇ ਲਖਾਂ ਏਸ ਹੈਵਾਨ ਬੁਝਾ ਦਿਤੇ।
ਕਿੱਸੇ ਫੇਰ 'ਹਲਾਕੂ, ਚੰਗੇਜ਼ ਖਾਂ' ਦੇ, ਇਸ ਨੇ ਭਾਰਤ ਦੇ ਅੰਦਰ ਦੁਹਰਾ ਦਿੱਤੇ।
ਖੋ ਗਿਆ ਵਿਚਾਰਾਂ ਵਿਚ ਭਾਈ 'ਜੈਤਾ' ਪੁਜ ਗਿਆ ਅਨੰਦਪੁਰ ਦੀ ਬਾਰ ਅੰਦਰ।
ਜਣੀ ਜਾਣ ਦਸਮੇਸ਼ ਨੇ ਸਣੇ ਸੰਗਤ, ਕੀਤੀ ਆਣ ਅਗਵਾਈ ਸਤਕਾਰ ਅੰਦਰ।
ਸੀਸ ਰਖਿਆ ਜਦੋਂ ਦਸਮੇਸ਼ ਅੱਗੇ, ਅਖੀਂ ਹੰਝੂਆਂ ਹਾਰ ਪਰੋ ਕੇ ਤੇ।
ਦਾਤੇ ਮਿਹਰਾਂ ਦੇ ਤੁੱਠ ਗਲਵਕੜੀ ਵਿਚ, ਲੈ ਕੇ ਕਿਹਾ ਪ੍ਰਸੰਨ-ਚਿਤ ਹੋ ਕੇ ਤੇ।
ਰੰਘਰੇਟਿਆ ਗੁਰੂ ਕੇ ਬੇਟਿਆ ਓਇ! ਜਨਮ ਸਫਲ ਹੈ ਤੇਰਾ ਸੰਸਾਰ ਅੰਦਰ।
ਥਾਇਂ ਪਈ ਹੈ ਘਾਲ ਜੋ ਤੂੰ ਕੀਤੀ, ਹੈ ਪਰਵਾਨ ਉਹ ਗੁਰੂ ਦਰਬਾਰ ਅੰਦਰ।
ਜਦੋਂ ਤੀਕ ਸੂਰਜ ਤਾਰੇ ਚੰਨ ਕਾਇਮ, ਅਮਰ ਨਾਮ ਤੇਰਾ ਵਿਚ ਸੰਸਾਰ ਰਹਿਸੀ।
ਤੇਰੇ ਵਰਗਿਆਂ ਸਿਰਲੱਥ ਸੇਵਕਾਂ ਨੂੰ, ਭਾਰਤ ਸਦਾ ਕਰਦਾ ਨਮਸਕਾਰ ਰਹਿਸੀ।
ਤੇਰੇ ਦਿਲੀ ਵਿਚਾਰ ਮੈਂ ਬੁੱਝ ਲਏ ਨੇ, ਏਸ ਰਾਜ ਦਾ ਅੰਤ ਹੈ ਆਣ ਲੱਗਾ।
ਪਾਪੀ ਇਹ ਨੁਰੰਗਾ ਹੈ ਜ਼ੁਲਮ ਕਰ ਕੇ, ਬੇੜੀ ਆਪਣੀ ਵਿਚ ਵੱਟੇ ਪਾਣ ਲੱਗਾ।
ਜਿਹਨੇ ਇਸ ਦੀਆਂ ਜੜ੍ਹਾਂ ਵਿਚ ਤੇਲ ਦੇਣੈਂ, ਬਲੀ ਪੰਥ ਐਸਾ ਪੈਦਾ ਕਰਾਂਗਾ ਮੈਂ।
ਸਫ਼ ਜ਼ੁਲਮ ਦੀ ਜਿਹਨੇ ਵਲ੍ਹੇਟ ਦੇਣੀ, ਨੀਂਹ ਪੰਥ ਅਜਿਹੇ ਦੀ ਧਰਾਂਗਾ ਮੈਂ।
ਹੋਸੀ 'ਖਾਲਸਾ' ਖਾਲਸ ਨਿਰਭੈ ਯੋਧਾ, ਕਿਸੇ ਜ਼ਾਲਮ ਤੋਂ ਡਰ ਨਾ ਖਾਏਗਾ ਉਹ।
ਦੇਵੀ ਦੇਵਤੇ ਮੜ੍ਹੀ ਗੋਰ ਅੱਗੇ, ਕਦੀ ਸੀਸ ਨ ਜਾ ਕੇ ਝੁਕਾਏਗਾ ਉਹ।
ਕਲਯੁਗ ਵਿਚ ਸਤਜੁਗ ਵਰਤਾ ਕੇ ਤੇ, ਬੀਜ ਕਰੇਗਾ ਨਾਸ ਹਤਿਆਰਿਆਂ ਦਾ।
ਹਰ ਪਾਸੇ ਹੀ ਹੋਏਗਾ ਬੋਲ ਬਾਲਾ, 'ਬੋਲੇ ਸੋ ਨਿਹਾਲ' ਜੈਕਾਰਿਆਂ ਦਾ।



www.AKJ.Org

## ਵਾਸਕੋ-ਦ-ਗਾਮਾ [ਗੋਆ] ਵਿਖੇ ਕੀਰਤਨ ਸਮਾਗਮ

ਲੈਫਟੀਨੈਂਟ ਗੁਰਬਖਸ਼ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਗੁਰਦੁਆਰਾ ਵਾਸਕੋ-ਦ-ਗਾਮਾ, ਪਾਸ ਨੇਵਲ ਕਵਾਟਰਜ਼ ਵਰਣਾਪੁਰੀ ਵਿਖੇ ੨੪, ੨੫ ਤੇ ੨੬ ਦਸੰਬਰ ਨੂੰ ਕੀਰਤਨ ਸਮਾਗਮ ਹੋ ਰਹੇ ਹਨ। ੨੬ ਦਸੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਬੰਬਈ ਅਤੇ ਪੂਨੇ ਦੇ ਅਖੰਡ ਕੀਰਤਨੀ ਜਥੇ ਹਾਜ਼ਰੀਆਂ ਭਰਨਗੇ। ਸੰਗਤਾਂ ਲਾਭ ਉਠਾਉਣ।

## ਲੁਧਿਆਣਾ ਵਿਖੇ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ

ਦਾਸਾਂ ਦੇ ਗ੍ਰਿਹ ਵਿਖੇ ੧੩ ਦਸੰਬਰ ਐਤਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ। ਉਪਰੰਤ ੧੧ ਵਜੇ ਤਕ ਅਖੰਡ ਕੀਰਤਨ ਹੋਣਗੇ। ਸੰਗਤਾਂ ਦਰਸ਼ਨ ਦੇ ਕੇ ,ਨਿਵਾਜਣ।

ਦਾਸਰੇ–ਕੁਲਬੀਰ ਸਿੰਘ ਐਂਡ ਬ੍ਰਦਰਜ਼, ੯੫-ਬੀ, ਸ਼ਾਸਤਰੀ ਨਗਰ, ਲੁਧਿਆਣਾ।

## ਮੰਡੀ ਗੋਬਿੰਦਗੜ੍ਹ ਗੁ: ਪਾਤਸ਼ਾਹੀ ਛੇਵੀਂ ਵਿਖੇ ਮਾਸਕ ਰੈਣ ਸਬਾਈ

੧੨ ਦਸੰਬਰ ਸ਼ਨੀਵਾਰ ਦੀ ਰਾਤ ਅਖੰਡ ਕੀਰਤਨੀ ਜਥਿਆਂ ਵਲੋਂ ਰੈਣ ਸਬਾਈ ਕੀਰਤਨ ਹੋ ਰਹੇ ਹਨ। ਲੁਧਿਆਣਾ, ਪਟਿਆਲਾ, ਸਰਹੰਦ ਬਸੀ, ਖੰਨਾ ਮੰਡੀ ਆਦਿ ਤੋਂ ਸਿੰਘ ਪੁਜ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ।

ਪੁਛ ਗਿਛ–ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕ ਘਰ ਲੋਹਟਬਦੀ (ਸੰਗਰੂਰ)

ਦਾਸਰੇ–ਅਖੰਡ ਕੀਰਤਨੀ ਜਥਾ, ਮੰਡੀ ਗੋਬਿੰਦ ਗੜ੍ਹ ਜ਼ਿਲਾ ਪਟਿਆਲਾ

## ਹੁਸ਼ਿਆਰਪੁਰ ਦੇ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਵੈਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ਪਿੰਡਾਂ ਵਿਚ ਸ਼ਾਮ ਨੂੰ ੭ ਤੋਂ ੯ ਤਕ ਅਖੰਡ ਕੀਰਤਨ ਪ੍ਰੋਗਰਾਮਾਂ ਦਾ ਵੇਰਵਾ–੩ ਦਸੰਬਰ ਪੂਲ ਪੁਖਤਾ ਗੁਰਦੁਆਰਾ ਪਾ: ਛੇਵੀਂ, ੭ ਦਸੰਬਰ ਤੱਲਾ-ਮੱਧਾ, ੧੦ ਦਸੰਬਰ ਖਰਲਾਂ ਖੋਖਰਾਂ, ੧੪ ਦਸੰਬਰ ਜੋੜਾਂ, ੧੭ ਦਸੰਬਰ ਮੋਹਕਮ ਗੜ੍ਹ, ੨੧ ਦਸੰਬਰ ਜ਼ਹੂਰਾ, ੨੪ ਦਸੰਬਰ ਸੈਦ ਪੁਰ ਦਾਤਾ, ੨੮ ਦਸੰਬਰ ਬਸੀ ਜਲਾਲ, ੩੧ ਦਸੰਬਰ ਖਰਲ ਕਲਾਂ।

## ਯੂ. ਕੇ. ਅਖੰਡ ਕੀਰਤਨੀ ਜਥਾ ਵਲੋਂ ਸ਼ਹੀਦੀ ਗੁਰਪੁਰਬ

ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਯਾਦ ਵਿਚ 25 ਦਸੰਬਰ ਨੂੰ ਰਖੇ ਸ੍ਰੀ ਅਖੰਡ ਪਾਠ ਦੇ ਭੋਗ 27 ਦਸੰਬਰ ਨੂੰ ਪੈਣਗੇ। ਉਪਰੰਤ ਕੀਰਤਨ ਦੀ ਵਰਖਾ ਹੋਵੇਗੀ। ਪ੍ਰੋਗਰਾਮ-ਅਸਥਾਨ–

Gurdwara Meadway Towns Cussack St. Rochester

ਪੁਛ ਗਿਛ–ਭਾ: ਹਰਬਖਸ਼ ਸਿੰਘ ਸਰਾਏ 0634–407547, ਭਾ: ਰਾਮ ਸਿੰਘ 0474–66733

ਦਾਸਰਾ–ਗੁਰਨਾਮ ਸਿੰਘ ਜਰਨਲ ਸਕੱਤਰ, ਅਖੰਡ ਕੀਰਤਨੀ ਜਥਾ ਯੂ ਕੇ. ਰੈਡਿੰਗ

---

**ਪਾਠਕ ਸਜਣੋ !** ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਕਿਰਪਾ ਕਰਕੇ ਓਦੋਂ ਹੀ ਮਨੀ-ਆਰਡਰ ਭੇਜੋ ਜੀ। ਜਦੋਂ ਪਰਚਾ ਬੰਦ ਹੋ ਜਾਂਦਾ ਹੈ ਓਦੋਂ ਚੰਦਾ ਜਿਹੜੇ ਸਜਣ ਭੇਜਦੇ ਹਨ, ਰਜਿਸਟਰਾਂ ਵਿਚ ਬੜੀ ਕਟ ਵਢ ਕਰਨੀ ਪੈਂਦੀ ਹੈ। ਸੋ ਵਕਤ ਸਿਰ ਚੰਦਾ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ।

**ਚਿਟ ਨੰਬਰ–** ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

www.AKJ.Org

# ਕਸੂਰ ਕਿਸ ਦਾ ?

(ਵਲੋਂ–ਭਾਈ ਦਲਜੀਤ ਸਿੰਘ ਜੀ, ਨਾਰਨੌਲ)

ਇਹ ਇਕ ਆਮ ਕਹਾਵਤ ਹੈ, ਕਿ "ਅੱਜ ਦਾ ਬੱਚਾ ਕਲ੍ਹ ਦਾ ਭਾਵੀ ਨਾਗਰਿਕ" । ਪਰ ਕੀ ਬੱਚਾ ਧੁਰੋਂ ਹੀ ਸਭ ਕੁਛ ਸਿਖ ਕੇ ਆਉਂਦਾ ਹੈ ? ਨਹੀਂ । ਜ਼ਰਾ ਵੀਚਾਰ ਕੇ ਵੇਖੀਏ ਕਿ ਅਸੀਂ ਬੱਚੇ ਨੂੰ ਕੀ ਸਿਖਿਆ ਦਿੰਦੇ ਹਾਂ । ਕੀ ਕਦੇ ਅਸੀਂ ਸੋਚਿਆ ਹੈ ਕਿ ਸਾਡੇ ਬੱਚੇ 'ਤੇ ਸਾਡੇ ਚੰਗੇ ਅਤੇ ਮੰਦੇ ਕੰਮਾਂ ਦਾ ਅਸਰ ਵੀ ਪੈਂਦਾ ਹੈ । ਇਹ ਕੁਦਰਤੀ ਗੱਲ ਹੈ ਕਿ ਬੁਰਾਈ ਜਲਦੀ ਅਤੇ ਅਛਾਈ ਦੇਰ ਵਿਚ ਸਿਖੀ ਜਾਂਦੀ ਹੈ ।

ਕਦੇ ਵਿਚਾਰਿਆ ਹੈ ਕਿ ਸਾਡੇ ਬੱਚੇ ਅਜ ਕਿਧਰ ਜਾ ਰਹੇ ਹਨ ? ਜਾਣ ਕਿਉਂ ਨਾ, ਮਾਹੌਲ ਜੁ ਐਸਾ ਹੈ । ਇਸ ਮਾਹੌਲ ਨੂੰ ਬਣਾਉਣ ਵਾਲੇ ਵੀ ਅਸੀਂ ਆਪ ਹੀ ਹਾਂ । ਅਜ ਇਕ ਗੁਰਸਿਖ ਅਖਵਾਉਣ ਵਾਲੇ ਦੇ ਘਰ ਜਾ ਕੇ ਤਾਂ ਦੇਖੋ ਕਿ ਕਿਹੋ ਜਿਹਾ ਮਾਹੌਲ ਹੈ । ਇਕ ਪਾਸੇ ਗੰਦਾ ਨਾਵਲ ਪਿਆ ਹੈ, ਦੂਜੇ ਪਾਸੇ ਰੇਡੀਓ ਚਲ ਰਿਹਾ ਹੈ ਗੰਦੇ ਗਾਣੇ ਆਪ ਮੁਹਾਰੇ ਕੰਨੀਂ ਪੈ ਰਹੇ ਹਨ । ਕੀ ਬੱਚੇ ਤੇ ਕੀ ਜੁਆਨ, ਉਨ੍ਹਾਂ ਗਾਣਿਆਂ ਨਾਲ ਸੁਰ ਮਿਲਾ ਕੇ, ਉਨ੍ਹਾਂ ਵਿਚ ਮਸਤ ਹੋ ਰਹੇ ਹਨ । ਰੇਡੀਓ ਤੋਂ ਅਗੇ ਹੁਣ ਘਰ ਘਰ ਟੈਲੀਵਿਯਨ ਵੇਖੇ ਜਾ ਰਹੇ ਹਨ, ਜਿਨ੍ਹਾਂ ਰਾਹੀਂ ਘਰਾਂ ਵਿਚ ਹੀ ਆਚਰਨ-ਵਿਗਾੜੂ ਫ਼ਿਲਮਾਂ ਪੇਸ਼ ਹੋ ਰਹੀਆਂ ਹਨ । ਜਿਹੜੇ ਭੱਦਰ ਪੁਰਸ਼ ਸਿਨਮਿਆਂ ਵਿਚ ਜਾਣਾ ਮਾੜਾ ਸਮਝਦੇ ਸਨ, ਉਹ ਘਰਾਂ ਵਿਚ ਹੀ ਸਿਨਮੇ ਬਿਨਾਂ ਸੰਕੋਚ ਵੇਖੀ ਜਾ ਰਹੇ ਹਨ । ਟੈਲੀਵਿਯਨ ਨੇ ਹਰੇਕ ਘਰ ਨੂੰ ਸਿਨਮੇ ਵਿਚ ਬਦਲ ਕੇ ਰਖ ਦਿਤਾ ਹੈ । ਬੱਚਿਆਂ ਦਾ ਮਨ ਸ਼ੀਸ਼ੇ ਵਾਂਗ ਨਿਰਮਲ ਹੁੰਦਾ ਹੈ । ਜਦੋਂ ਉਨ੍ਹਾਂ ਨੇ ਮਾਪਿਆਂ ਨਾਲ ਰਲ ਕੇ ਟੈਲੀਵਿਯਨ ਤੇ ਨਿਤ ਨਵੀਆਂ ਪਿਆਰ-ਕਹਾਣੀਆਂ ਅਤੇ ਇਸ਼ਕੀਆ ਗੀਤ ਸੁਣਨੇ ਦੇਖਣੇ ਹਨ ਤਾਂ ਉਹ ਉਨ੍ਹਾਂ ਦੇ ਨਿਰਮਲ ਮਨ ਤੇ ਉਕਰੇ ਜਾਣੇ ਹਨ । ਫਿਰ ਉਨ੍ਹਾਂ ਮਨਾਂ ਵਿਚ ਗੁਰਬਾਣੀ ਅਤੇ ਗੁਰਸਿਖੀ ਰਹਿਤ ਬਹਿਤ ਲਈ ਕਿਵੇਂ ਥਾਂ ਬਣਾਈ ਜਾ ਸਕਦੀ ਹੈ ?

ਇਹੋ ਜਿਹੇ ਗੁਰਸਿਖ ਅਖਵਾਂਦੇ ਪਰਵਾਰਾਂ ਦੀ ਤਸਵੀਰ ਦਾ ਇਕ ਹੋਰ ਪਾਸਾ ਵੇਖੋ । ਇਕ ਪਾਸੇ ਬੱਚਾ ਬੈਠਾ ਹੈ, ਜਿਸ ਦੀ ਉਮਰ ਅਜੇ ਸਿਖਣ-ਸਿਖਾਉਣ ਦੀ ਹੈ । ਡੈਡੀ ਤੇ ਮਮੀ ਕੋਲ ਹੀ ਬੈਠੇ ਹਨ । ਬਾਹਰੋਂ ਕੋਈ ਸਜਣ ਮਿਤਰ ਆਉਂਦਾ ਹੈ ਅਤੇ ਡੈਡੀ ਤੇ ਮਮੀ ਜੀ ਕਹਿੰਦੇ ਹਨ, ਕਹੋ ਪੁਤਰ ਨਮੱਸਤੇ, ਕਰੋ ਸੈਕੰਡ, ਕਹੋ ਹੈਲੋ । ਆਪਣੇ ਆਪ ਨੂੰ ਗੁਰਸਿਖ ਅਖਵਾਉਂਦੇ ਉਸ ਤੋਂ ਪੁਛੋ, ਕਿ ਕੀ ਉਸ ਨੂੰ ਆਪਣੇ ਸਤਿਗੁਰੂ ਭੁਲ ਗਏ ਹਨ, ਜਿਨ੍ਹਾਂ ਨੇ ਖਾਲਸੇ ਨੂੰ ਫ਼ਤਹ ਬੁਲਾਉਣ ਦਾ ਹੁਕਮ ਦਿਤਾ ਸੀ । ਕੀ ਉਸ ਨੂੰ ਆਪਣੇ ਪੁਤਰ ਨੂੰ ਹਲੋ-ਫਲੋ ਸਿਖਾਉਂਦਿਆਂ ਸ਼ਰਮ ਨਹੀਂ ਆਉਂਦੀ ।

ਮਾਪੇ ਬੱਚਿਆਂ ਦੀ ਪਹਿਲੀ ਉਮਰੇ ਸਾਂਭ ਸੰਭਾਲ ਕਰਦੇ ਨਹੀਂ ਤੇ ਜਦੋਂ ਉਹ ਵੱਡਾ ਹੋ ਕੇ ਮਾੜੀਆਂ ਵ ਦੀਆਂ ਦਾ ਆਦੀ ਹੋ ਜਾਂਦਾ ਹੈ ਤਾਂ ਫਿਰ ਆਪਣਾ ਦੋਸ਼ ਵੀ ਤਾਂ ਨਹੀਂ ਮੰਨਦੇ । ਪੁਤਰ ਵਿਗੜ ਜਾਂਦਾ ਹੈ, ਮਾਪਿਆਂ ਦੇ ਕਾਬੂ ਵਿਚ ਨਹੀਂ ਰਹਿੰਦਾ ਅਤੇ ਆਪ-ਹੁਦਰਾ ਹੋ ਕੇ ਵਿਚਰਦਾ ਹੈ ਤਾਂ ਉਹ ਕਹਿੰਦੇ ਹਨ ਕਿ ਅਸੀਂ ਬਥੇਰਾ ਕਹਿ ਬੈਠੇ ਹਾਂ, ਸਮਝਾ ਥਕੇ ਹਾਂ, ਪਰ ਉਹ ਤਾਂ ਗੁਰਦੁਆਰੇ ਜਾਂਦਾ ਹੀ ਨਹੀਂ ਅਤੇ ਪਿਕਚਰ ਕੋਈ ਛਡਦਾ ਹੀ ਨਹੀਂ,ਹਰ ਵੇਲੇ ਗਾਣ ਗੁਣਗੁਣਾਂਦਾ ਰਹਿੰਦਾ ਹੈ। ਬੜਾ ਕੁਝ ਸਮਝਾਉਣ ਤੇ ਵੀ ਉਹ ਸਮਝਦਾ ਨਹੀਂ, ਸਾਡੀ ਕੋਈ ਪੇਸ਼ ਨਹੀਂ ਜਾਂਦੀ । ਭਲਾ ਉਨ੍ਹਾਂ ਤੋਂ ਪੁਛੋ ਕਿ ਇਹ ਕਸੂਰ ਕਿਸ ਦਾ ਹੈ ? ਛੋਟੀ ਉਮਰੇ ਤਾਂ ਉਸ ਨੂੰ ਹਲੋ-ਫਲੋ ਅਤੇ ਗਾਣੇ ਸਿਖਾਉਂਦੇ ਰਹੇ ਅਤੇ ਹੁਣ ਕਿਵੇਂ ਇਸ ਰਸਤੇ ਤੇ ਆਵੇ । ਛੋਟੀ ਵੇਲ ਨੂੰ ਜਿਧਰ ਚਾੜ੍ਹ ਦਿਓ ਉਧਰ ਹੀ ਚੜ੍ਹ ਜਾਂਦੀ ਹੈ, ਪਰ ਜਦੋਂ ਪੱਕ ਜਾਏ ਤਾਂ ਉਸ ਦਾ ਬਦਲਣਾ ਅਸੰਭਵ ਤਾਂ ਨਹੀਂ, ਪਰ ਡਾਢਾ ਔਖਾ ਹੋ ਜਾਂਦਾ ਹੈ ।

[ਬਾਕੀ ਦੇਖੋ ਸਫ਼ਾ ੪੦ ਦੇ ਹੇਠ]



www.AKJ.Org

# ਅਖੰਡ ਕੀਰਤਨੀ ਜਥੇ ਤੇ ਸਰਕਾਰ ਦਾ ਕਹਿਰ

ਅਤਵਾਦੀਆਂ ਦੀਆਂ ਘਟਨਾਵਾਂ ਨੂੰ ਅਖੰਡ ਕੀਰਤਨੀ ਜਥੇ ਨਾਲ ਬਿਨਾਂ ਕਾਰਨ ਜੋੜ ਕੇ ਪੁਲਸ ਅਖੰਡ ਕੀਰਤਨੀ ਜਥੇ ਦੇ ਨਿਰਦੋਸ਼ ਸਿੰਘਾਂ ਤੇ ਬੀਬੀਆਂ ਨੂੰ ਵਖ ਵਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਰਹੀ ਹੈ। ਪਹਿਲਾਂ ਭਿੰਡਰਾਂ ਵਾਲੇ ਜਥੇ ਉਤੇ ਅਜਾਈਂ ਊਜ ਥਪੀ ਗਈ ਤੇ ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਹੁਣ ਅਖੰਡ ਕੀਰਤਨੀ ਜਥੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਦਾ ਭਾਵ ਸਪੱਸ਼ਟ ਹੈ ਕਿ ਸਰਕਾਰ ਦਾ ਰਵੱਈਆ ਸਿੱਖੀ-ਘਾਤਕ ਹੈ।

ਮੈਨੂੰ ਮੇਰੇ ਨਿਵਾਸ-ਅਸਥਾਨ ਤੋਂ ੨੩ ਨਵੰਬਰ ਨੂੰ ਸਵੇਰੇ ਗ੍ਰਿਫ਼ਤਾਰ ਕੀਤਾ ਗਿਆ ਅਤੇ ਬੜੀ ਘੋਖਵੀਂ ਪੁਛ-ਪੜਤਾਲ ਕੀਤੀ ਗਈ। ੨੪ ਨਵੰਬਰ ਸ਼ਾਮ ਨੂੰ ਅਠ ਵਜੇ ਲੁਧਿਆਣੇ ਤੋਂ ਰਿਹਾ ਕਰ ਦਿਤਾ ਗਿਆ, ਕਿਉਂਕਿ ਪੁਛ-ਗਿਛ ਵਿਚੋਂ ਮੇਰੇ ਵਿਰੁਧ ਕੁਝ ਨ ਨਿਕਲਿਆ। ਮੇਰੀ ਨਿਜੀ ਰਿਹਾਈ ਕੋਈ ਵਿਸ਼ੇਸ਼ ਅਰਥ ਨਹੀਂ ਰਖਦੀ, ਜਦ ਕਿ ਪੰਥ ਦੇ ਸੈਂਕੜੇ ਰਹਿਤਵਾਨ ਸਿੰਘ ਸਿੰਘਣੀਆਂ ਨੂੰ ਅਜਾਈਂ ਖ਼ੂਨੀ ਵਾਰਦਾਤਾਂ ਨਾਲ ਸੰਬੰਧਤ ਕਰ ਕੇ ਅਜੇ ਹਵਾਲਾਤਾਂ ਵਿਚ ਤਾੜਿਆ ਹੋਇਆ ਹੈ ਤੇ ਤਸੀਹੇ ਦਿਤੇ ਜਾ ਰਹੇ ਹਨ। ਮੈਨੂੰ ਅਥਵਾ ਸਮੂਹ ਪੰਥ-ਹਿਤੈਸ਼ੀਆਂ ਨੂੰ ਉਤਨੀ ਦੇਰ ਚੈਨ ਨਹੀਂ ਆ ਸਕਦਾ ਜਦ ਤਕ ਕਿ ਸਾਰੇ ਨਿਰਦੋਸ਼ ਸਿੰਘ ਸਿੰਘਣੀਆਂ ਨੂੰ ਰਿਹਾ ਕੀਤਾ ਜਾਂਦਾ।

ਮੇਰੇ ਵਲੋਂ ਪਹਿਲੋਂ ਹੀ ਪ੍ਰੈਸ ਰਾਹੀਂ ਸਪੱਸ਼ਟੀਕਰਣ ਦਿਤਾ ਜਾ ਚੁਕਾ ਹੈ ਕਿ ਅਖੰਡ ਕੀਰਤਨੀ ਜਥੇ ਦੀ ਕੋਈ ਅਤਵਾਦੀ ਪਾਲਸੀ ਨਹੀਂ ਅਤੇ ਨਾ ਹੀ ਕੋਈ ਪੁਲੀਟੀਕਲ ਪ੍ਰੋਗਰਾਮ ਹੈ। ਅਸੀਂ ਸਦਾ ਸਰਬੱਤ ਦਾ ਭਲਾ ਮੰਗਦੇ ਹਾਂ ਅਤੇ ਸਾਡਾ ਨਿਸ਼ਾਨਾ ਨਾਮ ਜਪਣਾ, ਕੀਰਤਨ ਕਰਨਾ, ਰਹਿਤ ਰਖਣਾ, ਅੰਮ੍ਰਿਤ ਸਿੰਚਾਰ ਕਰਨਾ ਅਤੇ ਧਰਮ ਦੀ ਕਿਰਤ ਕਰ ਕੇ ਵੰਡ ਕੇ ਛਕਣਾ ਹੈ।

ਸਾਡੇ ਆਪਣੇ ਦੇਸ਼ ਵਿਚ ਸਾਡੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਵਾਰੀ ਨਹੀਂ, ਅਨਗਿਣਤ ਵਾਰੀ ਸਿਖ-ਵਿਰੋਧੀ ਅਨਸਰ ਵਲੋਂ ਬੇ-ਅਦਬੀ ਕੀਤੀ ਗਈ। ਕਿਧਰੇ ਪਾਵਨ ਬੀੜਾਂ ਸਣੇ ਗੁਰਦੁਆਰਿਆਂ ਦੇ ਅਗਨ-ਭੇਟ ਕੀਤੀਆਂ ਗਈਆਂ, ਕਿਧਰੇ ਪਤਰੇ ਪਾੜੇ ਗਏ ਅਤੇ ਕਿਤੇ ਪੋਥੀਆਂ ਸਾੜੀਆਂ ਗਈਆਂ। ਸਿਖ ਸੰਸਥਾਵਾਂ ਅਤੇ ਪੰਥ ਦੇ ਮੁਖੀਆਂ ਵਲੋਂ ਦੁਹਾਈ ਮਚਾਣ ਦੇ ਬਾਵਜੂਦ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕੀ ਅਤੇ ਇਸ ਸੰਬੰਧ ਵਿਚ ਕਿਸੇ ਦੋਸ਼ੀ ਨੂੰ ਅੱਜ ਤਕ ਸਜ਼ਾ ਨਹੀਂ ਦਿਤੀ ਗਈ। ਇਕ ਪਾਸੇ ਸਰਕਾਰ ਦਾ ਵਤੀਰਾ ਸਿਖਾਂ ਪ੍ਰਤੀ ਪਖਪਾਤੀ ਹੈ ਤੇ ਦੂਜੇ ਪਾਸੇ ਫ਼ਿਰਕਾ ਪ੍ਰਸਤ ਪ੍ਰੈਸ ਦਾ ਪ੍ਰਾਪੇਗੰਡਾ ਸਿਖ-ਵਿਰੋਧੀ ਹੈ। ਪਰ ਗਜ਼ਬ ਦੀ ਗੱਲ ਇਹ ਹੈ ਕਿ ਉਲਟਾ ਸਿਖਾਂ ਨੂੰ ਫ਼ਿਰਕਾ-ਪ੍ਰਸਤ ਆਖ ਕੇ ਭੰਡਿਆ ਜਾ ਰਿਹਾ ਹੈ।

ਸੋ ਅਸੀਂ ਸਰਕਾਰ ਨੂੰ ਚਿਤਾਵਨੀ ਦੇਂਦੇ ਹਾਂ ਕਿ ਸਿਖ-ਮਾਰੂ-ਪਾਲਸੀ ਤੋਂ ਸੰਕੋਚ ਕਰੇ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ।

---

[ਸਫ਼ਾ ੩੯ ਦੀ ਬਾਕੀ]

ਵੀਰੋ, ਸੰਭਲੋ ਅਤੇ ਆਪਣੀ ਬਾਲ-ਪਨੀਰੀ ਦੀ ਰੱਖਿਆ ਕਰੋ। ਬਚਪਨ ਤੋਂ ਇਨ੍ਹਾਂ ਨੂੰ ਗੁਰਬਾਣੀ ਤੇ ਗੁਰ-ਦੁਆਰੇ ਦੀ ਚਾਟ ਤਾਂ ਹੀ ਲਗ ਸਕਦੀ ਹੈ ਜੇ ਅਸੀਂ ਆਪਣਾ ਜੀਵਨ ਸਿੱਖੀ ਵਿਚ ਢਾਲਾਂਗੇ। ਆਪ ਅੰਮ੍ਰਿਤ ਵੇਲੇ ਉਠਾਂਗੇ। ਸੋਚ ਇਸ਼ਨਾਨ ਉਪਰੰਤ ਪਰਵਾਰ ਸਮੇਤ ਗੁਰੂ-ਚਰਨਾਂ ਵਿਚ ਜੁੜ ਬੈਠਾਂਗੇ। ਆਪ ਗੁਰਬਾਣੀ ਦੇ ਰਸ ਭੁੰਚਾਂਗੇ ਅਤੇ ਬੱਚਿਆਂ ਨੂੰ ਨਾਲੋ ਨਾਲ ਪ੍ਰੇਰਦੇ ਰਹਾਂਗੇ ਤਦੇ ਹੀ ਗੁਰਸਿਖੀ ਜੀਵਨ ਉਹ ਬੱਚੇ ਜੀਣਗੇ। ਨਹੀਂ ਤਾਂ ਸਿਨਮਿਆਂ, ਰੇਡੀਓ ਤੇ ਟੀ. ਵੀ. ਦੀ ਮਾਰ ਵਿਚ ਵਗ ਕੇ ਅਜਿਹੇ ਪੁੱਠੇ ਰਾਹੇ ਪੈਣਗੇ ਕਿ ਮੁੜ ਕੇ ਸੰਭਾਲਣਾ ਔਖਾ ਹੋ ਜਾਵੇਗਾ।

www.AKJ.Org

ਗਿ ਮਜਨੁ ਸੰਗਿ ਸਾਧੂਆ ਧੂੜੀ ਕਰਿ
ਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ
ਰਿ ਦਾਨੁ ॥ ਜਨਮ ਕਰਮ ਮਲੁ ਉਤਰੈ ਮਨ ਤੇ
ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ
ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ
ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ
ਆ ਪਰਵਾਨੁ ॥ ਜਿਸ ਨੋ ਦੇਵੈ ਦਇਆ ਕਰਿ
ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ
ੲ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ ਕਾਂਢੀਅਹਿ
ਪੂਰਾ ਗੁਰੁ ਮਿਹਰਵਾਨੁ ॥੧੨॥

## ...ਰਪੁਰਬ ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ...੦ ਅਵਤਾਰ ਧਾਰਿਆ | ੨ ਜਨਵਰੀ |
| ...ਨ ਮੀਲਾਦ | ੯ ਜਨਵਰੀ |
| ...ੀ ਤੇ ਮੇਲਾ ਮਾਘੀ | ੧੩-੧੪ ਜਨਵਰੀ |
| ...ਲਿਕ ਡੇ | ੨੬ ਜਨਵਰੀ |
| ... ਮਹਾਤਮਾ ਗਾਂਧੀ | ੩੦ ਜਨਵਰੀ |
| ... ਪੰਚਮੀ | ੩੦ ਜਨਵਰੀ |

## ...: ਸਾਹਿਬ ਸਿੰਘ ਜੀ ਕ੍ਰਿਤ ਸਟੀਕ

| | |
|---|---|
| ...ਮ ਸਟੀਕ | ੧੧-੦੦ |
| ... ਸਾਹਿਬ ਸਟੀਕ | ੩-੫੦ |
| ...ਸਾਹਿਬ, ਸਵਈਏ, ਚੌਪਈ ਸਟੀਕ | ੪-੦੦ |
| ...ਦੀ ਵਾਰ ਸਟੀਕ | ੩-੫੦ |
| ...ੀ ਸਾਹਿਬ ਸਟੀਕ | ੭-੫੦ |
| ...ੇ ਸਵੱਈਏ ਸਟੀਕ | ੮-੦੦ |
| ...ਾਹਾ ਤੁਖਾਰੀ ਤੇ ਮਾਝ ਸਟੀਕ | ੬-੭੫ |
| ... ਫਰੀਦ ਜੀ ਸਟੀਕ | ੩-੫੦ |
| ... ਕਬੀਰ ਜੀ ਸਟੀਕ | ੧੦-੦੦ |
| ...ਬਾਣੀ ਸਟੀਕ ਪੰਜ ਜਿਲਦਾਂ ਵਿਚ | ੩੬੭-੦੦ |
| ...ਸਿਟ ਸਟੀਕ ੪-੦੦ ਸੱਦ ਸਟੀਕ | ੧-੭੫ |
| ...ਲਵੰਡ ਦੀ ਵਾਰ ਸਟੀਕ | ੫-੦੦ |
| ...ਗੁਰੂ ਅੰਗਦ ਸਾਹਿਬ ਜੀ ਸਟੀਕ | ੪-੦੦ |

ਸੰਮਤ ਬਿਕ੍ਰਮੀ ੨੦੩੮
ਸੰ: ਨਾਨਕਸ਼ਾਹੀ ੫੧੩
ਸੰਮਤ ਖ਼ਾਲਸਾ ੨੮੩
ਸੰਮਤ ਸ਼ਾਕਾ ੧੯੦੩

# ਜਨਵਰੀ ੮੨
## JANUARY 1982

ਸੰਗਰਾਂਦ ਮਾਘ ੧੪ ਜਨਵਰੀ
ਪੂਰਨਮਾਸ਼ੀ ੯ ਜਨਵਰੀ
ਮਸਿਆ ੨੫ ਜਨਵਰੀ
ਸ਼ਾਕਾ ਮਾਘ ੨੧ ਜਨਵਰੀ

| | | | | | |
|---|---|---|---|---|---|
| ਐਤ Sunday | ੩੧ ੧੮ ਮਾਘ ਮਾਘ ਸੁਦੀ ੬ | ੩ ੨੦ ਪੋਹ ਪੋਹ ਸੁਦੀ ੮ | ੧੦ ੨੭ ਪੋਹ ਮਾਘ ਵਦੀ ੧ | ੧੭ ੪ ਮਾਘ ਮਾਘ ਵਦੀ ੮ | ੨੪ ੧੧ ਮਾਘ ਮਾਘ ਵਦੀ ੧੪ |
| ਸੋਮ Monday | | ੪ ੨੧ ਪੋਹ ਪੋਹ ਸੁਦੀ ੯ | ੧੧ ੨੮ ਪੋਹ ਮਾਘ ਵਦੀ ੨ | ੧੮ ੫ ਮਾਘ ਮਾਘ ਵਦੀ ੯ | ੨੫ ੧੨ ਮਾਘ ਮਸਿਆ |
